# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

WORLD PUNJABI TIMES
REACHING THE WORLD

A Punjabi News Protal & Epaper From Winnipeg, Canada
Visit us at : www.worldpunjabitimes.com
Mob: 98772-46588, +1 (418) 887-0162

Epaper World Punjabi Times 07 ਮਾਰਚ 2024 ਦਿਨ ਵੀਰਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਵਿੱਤ ਮੰਤਰੀ ਵੱਲੋਂ ਪੇਸ਼ ਬਜਟ ਵਿੱਚ ਮੁਲਾਜ਼ਮ ਕੰਨੀ ਦੇ ਕਿਆਰੇ ਵਾਂਗੂ ਫੇਰ ਸੁੱਕੇ

### ਬਜਟ ਵਿੱਚ ਮੁਲਾਜ਼ਮਾਂ ਨੂੰ ਅਣਗੌਲਿਆ ਕਰਨ ਦੀ ਫੀਲਡ ਮੁਲਾਜ਼ਮਾਂ ਵੱਲੋਂ ਨਿੰਦਾ

ਵਰਲਡ ਪੰਜਾਬੀ ਟਾਈਮਜ਼
ਗੁਰਪ੍ਰੀਤ ਚਹਿਲ



ਬਠਿੰਡਾ 7 ਮਾਰਚ : ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਿਧਾਨ ਸਭਾ ਵਿੱਚ ਜੋ ਪੰਜਾਬ ਦਾ ਬਜਟ ਪੇਸ਼ਕੀਤਾ ਹੈ ਉਸ ਵਿੱਚ ਪੰਜਾਬ ਦੇ ਮੁਲਾਜ਼ਮਾਂ ਦੇ ਡੀ ਏ ,ਕੱਚੇ ਕਾਮਿਆਂ ਨੂੰ ਪੱਕਾ ਕਰਨਾਂ, ਪੇ ਕਮਿਸ਼ਨ ਦੇ ਬਕਾਏ ਅਤੇ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਸਕੀਮ ਦਾ ਕੋਈ ਵੀ ਜ਼ਿਕਰ ਨਾਂ ਕਰਕੇ ਪੰਜਾਬ ਦੇ ਮੁਲਾਜ਼ਮਾਂ ਨੂੰ ਨਿਰਾਸ਼ ਕੀਤਾ ਹੈ। ਪੰਜਾਬ ਦੇ ਮੁਲਾਜ਼ਮ ਇਸ ਬਜਟ ਤੋਂ ਵੱਡੀਆਂ ਉਮੀਦਾਂ ਲਾਈ ਬੈਠੇ ਸਨ ।ਇਸ ਸਬੰਧੀ ਮੁਲਾਜ਼ਮਾਂ ਦੀ ਸਿਰਮੌਰ ਜਥੇਬੰਦੀ ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ ਦੇ ਆਗੂਆਂ ਅਨਿਲ ਕੁਮਾਰ ਬਰਨਾਲਾ,ਕਿਸ਼ੋਰ ਚੰਦ ਗਾਜ਼, ਬਲਰਾਜ ਮੌੜ, ਮੱਖਣ ਸਿੰਘ ਖਨਗਵਾਲ,ਸੁਖਚੈਨ ਸਿੰਘ,ਹਰਨੇਕ ਗਹਿਰੀ,ਕੁਲਵਿੰਦਰ ਸਿੰਘ,ਲਖਵੀਰ ਭਾਗੀਵਾਂਦਰ, ਪਰਮ ਚੰਦ ਬਠਿੰਡਾ,ਦਰਸ਼ਨ ਸ਼ਰਮਾਂ,ਅਤੇ ਨਰਿੰਦਰ ਸ਼ਰਮਾਂ ਨੇ ਸਰਕਾਰ ਦੀ ਨਿੰਦਾ ਕਰਦਿਆਂ ਕਿਹਾ ਕਿ ਪੰਜਾਬ ਭਰ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਇਸ ਬੱਜਟ ਤੋਂ ਬਹੁਤ ਉਮੀਦਾਂ ਸਨ ਪਰ ਇਸ ਬਜਟ ਨੇ ਮੁਲਾਜ਼ਮਾ ਅਤੇ ਪੈਨਸ਼ਨਰਾਂ ਦੀਆਂ ਉਮੀਦਾਂ ਉੱਤੇ ਪਾਣੀ ਫੇਰ ਕੇ ਰੱਖ ਦਿੱਤਾ ਹੈ। ਪੰਜਾਬ ਦੇ ਮੁਲਾਜ਼ਮ ਅਤੇ ਪੈਨਸ਼ਨਰਾਂ ਵਿੱਚ ਸਰਕਾਰ ਪ੍ਰਤੀ ਗੁੱਸਾ ਹੈ।ਸਰਕਾਰ ਵੱਲੋਂ ਉਹਨਾਂ ਦੇ ਬਣਦੇ ਹੱਕਾਂ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਨਿਰਾਸ਼ ਕਰਨ ਦਾ ਖਾਮਿਆਜਾ ਸਰਕਾਰ ਨੂੰ ਆਉਂਦੀਆਂ ਲੋਕ ਸਭਾ ਚੋਣਾਂ ਦੌਰਾਨ ਭੁਗਤਣਾ ਪਵੇਗਾ 4 ਮਾਰਚ ਨੂੰ ਪੰਜਾਬ ਮੁਲਾਜ਼ਮ ਪੈਨਸ਼ਨ ਸਾਂਝਾ ਫਰੰਟ ਵੱਲੋਂ ਚੰਡੀਗੜ੍ਹ ਵਿਖੇ ਵਿਸ਼ਾਲ ਰੋਸ ਰੈਲੀ ਕਰਕੇ ਸਰਕਾਰ ਤੋਂ ਮੰਗਾਂ ਮੰਨਣ ਦੀ ਮੰਗ ਕੀਤੀ ਗਈ ਸੀ ਪੰਜਾਬ ਸਰਕਾਰ ਮੁਲਾਜ਼ਮ ਆਗੂਆਂ ਨਾਲ ਲਗਾਤਾਰ ਗੱਲਬਾਤ ਤੋਂ ਲਗਾਤਾਰ ਭੱਜ ਰਹੀ ਹੈ। ਪੰਜਾਬ ਦੇ ਮੁਲਾਜ਼ਮ ਪੈਨਸ਼ਨਰ ਲਗਾਤਾਰ ਪਿਛਲੇ ਸਮੇਂ ਤੋਂ ਸੰਘਰਸ਼ ਕਰਦੇ ਆ ਰਹੇ ਹਨ ਕਿ ਕੱਚੇ ਮੁਲਾਜ਼ਮਾਂ ਨੂੰ ਬਿਨਾਂ ਸ਼ਰਤ ਰੈਗੂਲਰ ਕਰਨਾ,ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ, ਬੋਰਡਾਂ ਕਾਰਪੋਰੇਸ਼ਨਾਂ ਵਿੱਚ ਪੈਨਸ਼ਨ ਸਕੀਮ ਲਾਗੂ ਕਰਨਾ, ਪੇ ਸਕੇਲਾਂ ਅਤੇ ਡੀਏ ਦੀਆਂ ਕਿਸਤਾਂ ਦੇ ਬਕਾਏ ਦੇਣਾ, ਕੱਟੇ ਭੱਤੇ ਬਹਾਲ ਕਰਨਾ, ਆਦਿ ਹੋਰ ਹੋਰ ਮੰਗਾਂ ਨੂੰ ਲੈ ਕੇ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਫੈਸਲਾ ਕੀਤਾ ਗਿਆ ਕਿ ਬਜਟ ਵਿੱਚ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਅਨਗੌਲਿਆਂ ਕਰਨ ਅਤੇ ਗੱਲਬਾਤ ਤੋਂ ਭੱਜਣ ਪ੍ਰਤੀ ਸਰਕਾਰ ਦੇ ਖਿਲਾਫ 6 ਅਤੇ 7 ਮਾਰਚ ਨੂੰ ਪੰਜਾਬ ਭਰ ਦੇ ਸਮੁੱਚੇ ਜ਼ਿਲਿਆਂ ਵਿੱਚ ਬਜਟ ਦੀਆਂ ਕਾਪੀਆਂ ਸਾੜੀਆਂ ਜਾਣੀਆਂ ਹਨ ਜਿਸ ਤਹਿਤ ਬਠਿੰਡਾ ਵਿਖੇ ਅੰਬੇਡਕਰ ਪਾਰਕ ਡੀ ਸੀ ਦਫਤਰ ਕੋਲ 7 ਮਾਰਚ ਨੂੰ ਬੱਜਟ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ ਜਿਸ ਵਿੱਚ ਫੀਲਡ ਮੁਲਾਜਮ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ

## ਭਗਵੰਤ ਮਾਨ ਸਰਕਾਰ ਦੇ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਬਜਟ ਦੀਆਂ ਡੀ.ਸੀ. ਦਫਤਰ ਸਾਹਮਣੇ ਕਾਪੀਆਂ ਫੂਕੀਆਂ

### ਆਗੂਆਂ ਨੇ ਆਮ ਆਦਮੀ ਪਾਰਟੀ ਨੂੰ ਲੋਕ ਸਭਾ ਚੋਣਾਂ ਵਿੱਚ ਨਤੀਜੇ ਭੁਗਤਣ ਦੀ ਦਿੱਤੀ ਚਿਤਾਵਨੀ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ




ਫਰੀਦਕੋਟ, 7 ਮਾਰਚ : ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ ਸਾਂਝੇ ਫਰੰਟ ਦੇ ਸੱਦੇ ਤੇ ਅੱਜ ਡਿਪਟੀ ਕਮਿਸ਼ਨਰ ਫਰੀਦਕੋਟ ਦੇ ਦਫਤਰ ਮਿਨੀ ਸਕੱਤਰੇਤ ਦੇ ਸਾਹਮਣੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਪੰਜਾਬ ਸਰਕਾਰ ਦੇ ਖਿਲਾਫ ਤਿੱਖੀ ਨਾਅਰੇਬਾਜ਼ੀ ਕਰਕੇ ਬਜਟ ਦੀਆਂ ਕਾਪੀਆਂ ਫੂਕੀਆਂ ਗਈਆਂ। ਇਸ ਮੌਕੇ ਸੰਬੋਧਨ ਕਰਦਿਆਂ ਸਾਂਝੇ ਫਰੰਟ ਦੇ ਆਗੂ ਅਸ਼ੋਕ ਕੌਸ਼ਲ, ਇੰਦਰਜੀਤ ਸਿੰਘ ਖੀਵਾ, ਜਤਿੰਦਰ ਕੁਮਾਰ, ਬਲਦੇਵ ਸਿੰਘ ਸਹਿਦੇਵ, ਕਿਰਨ ਪ੍ਰਕਾਸ਼ ਮਹਿਤਾ, ਹਰਚਰਨ ਸਿੰਘ ਸੰਧੂ, ਮਲਕੀਤ ਸਿੰਘ ਸੰਧੂ, ਭੁਪਿੰਦਰ ਸਿੰਘ ਕਰਮਚਾਰੀ ਦਲ, ਹਰਪਾਲ ਸਿੰਘ ਮਚਾਕੀ, ਵੀਰ ਇੰਦਰਜੀਤ ਸਿੰਘ ਪੁਰੀ, ਕੁਲਵੰਤ ਸਿੰਘ ਚਾਨੀ ਪ੍ਰਿੰਸੀਪਲ ਕ੍ਰਿਸ਼ਨ ਲਾਲ, ਬਲਵੰਤ ਰਾਏ ਗੱਖੜ, ਜਗਤਾਰ ਸਿੰਘ ਗਿੱਲ, ਹਰਵਿੰਦਰ ਸ਼ਰਮਾ ਤੇ ਮਨਜੀਤ ਕੌਰ ਆਸ਼ਾ ਵਰਕਰ ਨੇ ਕਿਹਾ ਕਿ ਬਜਟ ਪੇਸ਼ ਹੋਣ ਤੋਂ ਇਕ ਦਿਨ ਪਹਿਲਾਂ ਚੰਡੀਗੜ ਵਿੱਚ ਲਾਮਿਸਾਲ ਰੈਲੀ ਕਰਕੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਨੋਟਿਸ ਦਿੱਤਾ ਗਿਆ ਸੀ ਕਿ ਇਸ ਸਾਲ ਦੇ ਬਜਟ ਵਿੱਚ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ, ਪੁਰਾਣੀ ਪੈਨਸ਼ਨ ਬਹਾਲ ਕਰਨ, ਸਕੀਮ ਵਰਕਰਾਂ ਅਤੇ ਆਊਟਸੋਰਸ ਮੁਲਾਜ਼ਮਾਂ ਨੂੰ ਘੱਟ ਤੋਂ ਘੱਟ 26,000 ਰੁ ਮਹੀਨਾ ਉਜਰਤ ਦੇਣ, ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਅਤੇ ਪੇਅ ਕਮਿਸ਼ਨ ਅਤੇ ਲੀਵ ਇਨਕੈਸ਼ਮੈਂਟ ਦਾ ਬਕਾਇਆ ਦੇਣ ਲਈ ਬਜਟ ਵਿੱਚ ਲੋੜੀਂਦੀਆਂ ਰਕਮਾਂ ਦਾ ਪ੍ਰਬੰਧ ਨਾ ਕੀਤਾ ਗਿਆ ਤਾਂ ਮੁਲਾਜ਼ਮ ਇਸ ਨੂੰ ਸਹਿਣ ਨਹੀਂ ਕਰਨਗੇ। ਆਗੂਆਂ ਨੇ ਪੰਜਾਬ ਸਰਕਾਰ ਤੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਜਾਣ ਬੁੱਝ ਕੇ ਮੁਲਾਜ਼ਮ ਵਰਗ ਨੂੰ ਅੱਖੋਂ ਪਰੋਖੇ ਕਰਕੇ ਮੋਦੀ ਸਰਕਾਰ ਦੀਆਂ ਨੀਤੀਆਂ ਤੇ ਚੱਲ ਪਈ ਹੈ, ਜਿਸ ਦਾ ਸਬੂਤ ਇਹ ਹੈ ਕਿ ਉਸਨੇ ਬਜਟ ਵਿੱਚ ਮੁਲਾਜ਼ਮਾਂ ਦੀ ਕਿਸੇ ਮੰਗ ਦਾ ਜ਼ਿਕਰ ਤੱਕ ਕਰਨ ਦੀ ਲੋੜ ਨਹੀਂ ਸਮਝੀ। ਜ਼ਿਕਰਯੋਗ ਹੈ ਕਿ ਪਿਛਲੇ ਸਮੇਂ ਹਾਕਮ ਪਾਰਟੀ ਨਾਲ ਸਬੰਧਤ ਪੰਜਾਬ ਦੇ ਸਾਰੇ ਮੰਤਰੀਆਂ ਅਤੇ ਵਿਧਾਇਕਾਂ ਦੇ ਘਰਾ ਅੱਗੇ ਧਰਨੇ ਲਗਾਕੇ ਸਰਕਾਰ ਨੂੰ ਮੰਗ ਪੱਤਰ ਭੇਜੇ ਗਏ ਸਨ। ਆਗੂਆਂ ਨੇ ਆਪਣੇ ਸੰਬੋਧਨ ਵਿੱਚ ਆਉਂਦੀਆਂ ਲੋਕ ਸਭਾ ਚੋਣਾਂ ਵਿੱਚ ਮੁਲਾਜ਼ਮ ਅਤੇ ਪੈਨਸ਼ਨਰ ਵਰਗ ਨੂੰ ਆਪਣੇ ਨਾਲ ਹੋ ਰਹੀਆਂ ਵਧੀਕੀਆਂ ਅਤੇ ਆਰਥਿਕ ਸ਼ੋਸ਼ਣ ਦਾ ਢੁਕਵਾਂ ਜਵਾਬ ਦੇਣ ਲਈ ਪੰਜਾਬ ਸਰਕਾਰ ਅਤੇ ਕੇਂਦਰੀ ਹੁਕਮਰਾਨ ਮੋਦੀ ਸਰਕਾਰ ਦੇ ਖਿਲਾਫ ਆਪਣਾ ਬਣਦਾ ਯੋਗਦਾਨ ਪਾਉਣ ਦਾ ਸੱਦਾ ਦਿੱਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨੋਹਰ ਸਿੰਘ ਸੇਵਾ ਮੁਕਤ ਜਿਲਾ ਲੋਕ ਸੰਪਰਕ ਅਫਸਰ, ਮਦਨ ਲਾਲ ਸ਼ਰਮਾ ਸੰਧਵਾਂ, ਗੇਜ ਰਾਮ ਭੌਰਾ, ਸੁਖਚਰਨ ਸਿੰਘ ਤੇ ਗੁਰਦੀਪ ਭੋਲਾ ਪੀਆਰ ਟੀ ਸੀ, ਹਰਪਾਲ ਸਿੰਘ ਸਿਹਤ ਵਿਭਾਗ, ਰਾਜ ਧਾਲੀਵਾਲ, ਬਿਸ਼ਨ ਦਾਸ ਅਰੋੜਾ, ਸੁਰਜੀਤ ਸਿੰਘ ਭਲਾਈ ਵਿਭਾਗ, ਕੇਵਲ ਸਿੰਘ ਲੰਭਵਾਲੀ, ਨੀਲਾ ਸਿੰਘ, ਜਸਮੇਲ ਸਿੰਘ ਬਰਾੜ ਮੁੱਖ ਅਧਿਆਪਕ, ਦਿਨੇਸ਼ ਕੁਮਾਰ ਅਤੇ ਪੂਰਨ ਸਿੰਘ ਸੰਧਵਾਂ ਆਦਿ ਵੀ ਹਾਜ਼ਰ ਸਨ।

## ਬਜਟ ਸੂਬੇ ਦੀ ਆਰਥਿਕਤਾ ਨੂੰ ਹੋਰ ਮਜਬੂਤ ਕਰਨ ਲਈ ਹੋਰ ਸਹਾਈ ਹੋਵੇਗਾ : ਸੰਦੀਪ ਕੰਮੇਆਣਾ

### ਆਖਿਆ! ਸੂਬੇ ਦੇ ਲੋਕਾਂ ਵਲੋਂ ਬਜਟ ਦੀ ਕੀਤੀ ਜਾ ਰਹੀ ਹੈ ਭਰਪੂਰ ਪ੍ਰਸੰਸਾ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 7 ਮਾਰਚ : ਆਮ ਆਦਮੀ ਪਾਰਟੀ ਹਲਕਾ ਕੋਟਕਪੂਰਾ ਦੇ ਬਲਾਕ ਪ੍ਰਧਾਨ ਸੰਦੀਪ ਸਿੰਘ ਕੰਮੇਆਣਾ ਨੇ ਪੰਜਾਬ ਸਰਕਾਰ ਵਲੋਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪੰਜਾਬ ਵਿਧਾਨ ਸਭਾ ਵਿੱਚ ਸਾਲ 2024-25 ਦੇ ਪੇਸ਼ ਕੀਤੇ ਬਜਟ ਦੀ ਸ਼ਲਾਘਾ ਕਰਨ ਦੇ ਨਾਲ ਨਾਲ ਇਸ ਦੀ ਭਰਪੂਰ ਪ੍ਰਸੰਸਾ ਕਰਦਿਆਂ ਆਖਿਆ ਕਿ ਸੂਬੇ ਵਿੱਚ ਪਹਿਲੀ ਵਾਰ 2 ਲੱਖ ਕਰੋੜ ਤੋਂ ਵੱਧ ਦਾ ਬਜਟ ਪੇਸ਼ ਕੀਤਾ ਗਿਆ ਹੈ, ਜੋ ਆਪਣੇ ਆਪਣ ਵਿੱਚ ਇਕ ਇਤਿਹਾਸਿਕ ਹੈ, ਸੂਬੇ ਦੇ ਲੋਕਾਂ ਵਲੋਂ 2024-25 ਲਈ ਪੇਸ਼ ਕੀਤੇ ਗਏ ਬਜਟ ਦੀ ਪ੍ਰਸੰਸਾ ਕੀਤੀ ਜਾ ਰਹੀ ਹੈ। ਉਹਨਾਂ ਇਸ ਬਜਟ ਨੂੰ ਇਤਿਹਾਸਕ ਕਰਾਰ ਦਿੰਦਿਆਂ ਕਿਹਾ ਕਿ ਪੇਸ਼ ਕੀਤੇ ਬਜਟ ਵਿੱਚ ਪੰਜਾਬ ਸਰਕਾਰ ਨੇ ਸਿੱਖਿਆ, ਸਿਹਤ, ਖੇਤੀਬਾੜੀ ਸਮੇਤ ਹਰੇਕ ਖੇਤਰ ਲਈ ਇਤਿਹਾਸਕ ਅਤੇ ਅਹਿਮ ਐਲਾਨ ਕੀਤੇ ਹਨ ਅਤੇ ਪੰਜਾਬ ਦੇ ਬਜਟ ਵਿੱਚ ਕੋਈ ਨਵਾਂ ਟੈਕਸ ਨਹੀਂ ਲਾਇਆ ਗਿਆ ਹੈ। ਸੰਦੀਪ ਸਿੰਘ ਕੰਮੇਆਣਾ ਨੇ ਅੱਗੇ ਦੱਸਿਆ ਕਿ ਬਜਟ ਵਿੱਚ ਸਿੱਖਿਆ ਅਤੇ ਸਿਹਤ ਨੂੰ ਮਜਬੂਤ ਬਣਾਉਣ ਲਈ ਇਹ ਬਜਟ ਪੇਸ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸਰਕਾਰ ਵਲੋਂ ਸਨਅਤਾਂ, ਰੁਜਗਾਰ ਅਤੇ ਹੁਨਰ ਵਿਕਾਸ ਲਈ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਉਹਨਾ ਦੱਸਿਆ ਕਿ ਇਸ ਬਜਟ ਵਿੱਚ ਮੁਫਤ ਬਿਜਲੀ ਅਤੇ ਔਰਤਾਂ ਲਈ ਸਰਕਾਰੀ ਬੱਸਾਂ ਵਿੱਚ ਮੁਫਤ ਸਫਰ ਕਰਨ ਦੀ ਸਰਵਿਸ ਦੀ ਯੋਜਨਾ ਜਾਰੀ ਰੱਖੀ ਗਈ ਹੈ। ਉਹਨਾਂ ਆਖਿਆ ਕਿ ਭਗਵੰਤ ਸਿੰਘ ਮਾਨ ਸਰਕਾਰ ਵਲੋਂ ਇਸ ਬਜਟ ਵਿੱਚ ਸਾਰੇ ਵਰਗਾਂ ਦੇ ਹਿਤਾਂ ਦਾ ਧਿਆਨ ਰੱਖਿਆ ਗਿਆ ਹੈ ਅਤੇ ਆ ਰਹੀਆਂ ਲੋੋਕ ਸਭਾ ਅਤੇ ਨਗਰ ਨਿਗਮ ਚੋਣਾ ਵਿੱਚ ਆਮ ਆਦਮੀ ਪਾਰਟੀ ਸ਼ਾਨਦਾਰ ਜਿੱਤ ਹਾਸਲ ਕਰੇਗੀ।

## ਖੇਤੀਬਾੜੀ ਵਿਭਾਗ ਵੱਲੋਂ ਸੰਗਤ ਬਲਾਕ ਵਿਖੇ ਫ਼ਸਲਾਂ ਦੇ ਨੁਕਸਾਨ ਦਾ ਲਿਆ ਗਿਆ ਜਾਇਜਾ

ਵਰਲਡ ਪੰਜਾਬੀ ਟਾਈਮਜ਼
ਗੁਰਪ੍ਰੀਤ ਚਹਿਲ

ਬਠਿੰਡਾ, 7 ਮਾਰਚ : ਡਿਪਟੀ ਕਮਿਸ਼ਨਰ ਸ. ਜਸਪ੍ਰੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾ ਤਹਿਤ ਮੁੱਖ ਖੇਤੀਬਾੜੀ ਅਫਸਰ ਡਾ. ਕਰਨਜੀਤ ਸਿੰਘ ਗਿੱਲ ਅਤੇ ਖੇਤੀਬਾੜੀ ਅਫਸਰ ਬਠਿੰਡਾ ਡਾ. ਬਲਜਿੰਦਰ ਸਿੰਘ ਵੱਲੋਂ ਬਲਾਕ ਸੰਗਤ ਵਿਖੇ ਹੋਈ ਭਾਰੀ ਬਾਰਿਸ਼/ਗੜੇਮਾਰੀ ਕਾਰਨ ਹੋਏ ਫਸਲਾਂ ਦੇ ਨੁਕਸਾਨ ਦਾ ਜਾਇਜਾ ਲੈਣ ਲਈ ਖੇਤਾਂ ਦਾ ਦੌਰਾ ਕੀਤਾ ਗਿਆ ।



ਦੌਰੇ ਦੌਰਾਨ ਦੇ ਖੇਤੀਬਾੜੀ ਵਿਕਾਸ ਅਫਸਰ, ਡਾ. ਵਕੀਲ ਸਿੰਘ ਵੱਲੋਂ ਦੱਸਿਆ ਗਿਆ ਕਿ ਬਲਾਕ ਸੰਗਤ ਦੇ ਪਿੰਡ ਨੰਦਗੜ੍ਹ, ਚੱਕ ਅਤਰ ਸਿੰਘ ਵਾਲਾ, ਕਾਲਝਰਾਣੀ, ਬਾਜਕ, ਘੁੱਦਾ, ਬੰਬੀਹਾ, ਧੁੰਨੀਕੇ ਅਤੇ ਜੰਗੀਰਾਣਾ ਵਿਖੇ ਮੁੱਖ ਫਸਲਾਂ ਜਿਵੇਂ ਕਿ ਕਣਕ, ਸਰੋਂ ਆਦਿ ਦੇ ਨੁਕਸਾਨ ਦਾ ਜਾਇਜ਼ਾ ਲੈਂਦਿਆਂ ਕਿਸਾਨਾਂ ਨਾਲ ਵੀ ਗੱਲਬਾਤ ਕੀਤੀ ਗਈ ਹੈ।

ਇਸ ਦੌਰਾਨ ਡਾ. ਬਲਜਿੰਦਰ ਸਿੰਘ (ਏ.ਓ.ਬਠਿੰਡਾ) ਵੱਲੋਂ ਨਿਰੀਖਣ ਦੌਰਾਨ ਪਾਇਆ ਗਿਆ ਕਿ ਕਣਕ ਦੀਆਂ ਬੱਲੀਆਂ ਚਿੱਟੀਆਂ ਹੋ ਗਈਆਂ ਹਨ, ਜਿਨ੍ਹਾਂ ਵਿੱਚ ਅਜੇ ਤੱਕ ਦਾਣੇ ਨਹੀਂ ਬਣੇ ਦਾ ਨੁਕਸਾਨ ਹੋਇਆ ਹੈ।

## ਦਸਤਾਰ ਮੁਕਾਬਲੇ 31 ਮਾਰਚ ਨੂੰ ਝੰਡਾ ਗਰਾਊਂਡ ਰਾਜਪੁਰਾ ਵਿਖੇ :ਸਿਮਰਨਜੋਤ ਸਿੰਘ ਖਾਲਸਾ

ਵਰਲਡ ਪੰਜਾਬੀ ਟਾਈਮਜ਼
ਗੁਰਪ੍ਰੀਤ ਚਹਿਲ

ਬਠਿੰਡਾ, 07 ਮਾਰਚ : ਦਸਤਾਰ-ਏ-ਖਾਲਸਾ ਰਾਜਪੁਰਾ ਕੈਲੇਫੋਰਨਿਆ ਵੱਲੋਂ ਬਹੁਤ ਹੀ ਵੱਡੇ ਪੱਧਰ ’ਤੇ ਦਸਤਾਰ , ਦੁਮਾਲਾ, ਲੰਮੇ ਕੇਸ ਅਤੇ ਲੰਮੇ ਦਾਹੜੇ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਅੱਜ ਇਹਨਾਂ ਮੁਕਾਬਲਿਆਂ ਦੇ ਸਬੰਧ ਵਿੱਚ ਬਠਿੰਡਾ ਵਿਖੇ ਪ੍ਰੈਸ ਕਾਨਫਰੰਸ ਕੀਤੀ ਗਈ ਸੁਸਾਇਟੀ ਦੇ ਪ੍ਰਧਾਨ ਭਾਈ ਸਿਮਰਨਜੋਤ ਸਿੰਘ ਖਾਲਸਾ ਅਤੇ ਦਸਤਾਰ ਸਭਾ ਦੇ ਮੁੱਖ ਸੇਵਾਦਾਰ ਭਾਈ ਅਨਮੋਲਦੀਪ ਸਿੰਘ ਜਲਾਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਸ਼ਹੀਦ ਭਾਈ ਤਾਰੂ ਸਿੰਘ ਦਸਤਾਰ



ਸਿੱਖਲਾਈ ਸੇਵਾ ਸੁਸਾਇਟੀ , ਦਸਤਾਰ ਸਭਾ ਅਤੇ ਰੋਇਲ ਦਸਤਾਰ ਅਕੈਡਮੀ ਵੱਲੋਂ ਪੂਰਨ ਰੂਪ ਵਿੱਚ ਸ਼ਮੂਲੀਅਤ ਤੇ ਸਹਿਯੋਗ ਰਹੇਗਾ । ਇਹਨਾਂ ਮੁਕਾਬਲਿਆਂ ਵਿੱਚ ਪਹਿਲਾ ਇਨਾਮ ਸੀਨੀਅਰ ਗਰੁੱਪ 31000 ਅਤੇ ਹੋਰ ਅਨੇਕਾਂ ਹਜ਼ਾਰਾਂ ਦੇ ਨੱਕਦ ਇਨਾਮ ਦਿੱਤੇ ਜਾਣਗੇ। ਅਸੀਂ ਆਪਣੀਆਂ ਸੰਸਥਾਵਾਂ ਵੱਲੋਂ ਸਮੁੱਚੇ ਪੰਜਾਬ ਵਿੱਚ ਵਸਦੇ ਰੋਜ਼ਾਨਾ ਸੋਹਣੀ ਦਸਤਾਰ ਸਜਾਉਣ ਵਾਲੇ ਬੱਚਿਆਂ ਤੇ ਨੌਜਵਾਨਾਂ ਨੂੰ ਬੇਨਤੀ ਕਰਦੇ ਹਾਂ ਕਿ ਇਹਨਾਂ ਮੁਕਾਬਲਿਆਂ ਵਿੱਚ ਵੱਧ ਤੋਂ ਵੱਧ ਹਾਜਰੀਆਂ ਲਵਾਉ ਸਾਰਿਆਂ ਹੀ ਬੱਚਿਆਂ ਨੂੰ ਹੋਸਲਾ ਆਫਜਾਈ ਲਈ ਸਨਮਾਨਿਤ ਕੀਤਾ ਜਾਊਗਾ। ਇਹ ਮੁਕਾਬਲੇ ਵੀਰ ਲਖਵਿੰਦਰ ਸਿੰਘ ਯੂ ਐਸ ਏ ਦਸਤਾਰ ਏ ਖਾਲਸਾ ਰਾਜਪੁਰਾ ਕੈਲੇਫੋਰਨਿਆ ਦੇ ਮੁੱਖ ਆਗੂ ਹਨ ਜੋ ਯੂ ਐੱਸ ਏ ਵਿੱਚ ਬਹੁਤ ਹੀ ਵੱਡੇ ਪੱਧਰ ਤੇ ਸੇਵਾ ਕਰਦੇ ਹਨ ਵੀਰ ਲਖਵਿੰਦਰ ਸਿੰਘ ਦੀ ਅਗਵਾਈ ਵਿੱਚ ਕਰਵਾਏ ਜਾ ਰਹੇ ਹਨ ਵਿਸ਼ੇਸ਼ ਸਹਿਯੋਗ ਸਰਦਾਰ ਏ ਪਟਿਆਲਾ ਸ਼ਾਹੀ ਗੁਰਿੰਦਰ ਸਿੰਘ ਕਿੰਗ ਜੋ ਕਿ ਪੂਰੇ ਪੰਜਾਬ ਵਿੱਚ ਦਸਤਾਰ ਮੁਕਾਬਲਿਆਂ ਦਾ ਪ੍ਰਚਾਰ ਕਰ ਰਹੇ ਹਨ।ਉਸ ਸਮੇਂ ਬਾਜ ਸਿੰਘ ਖਾਲਸਾ ਫਰੀਦਕੋਟ,ਗੁਰਦਿੱਤ ਸਿੰਘ ਭਾਈਰੂਪਾ ਰੋਇਲਦਸਤਾਰ ਅਕੈਡਮੀ,ਗੁਰਸੇਵਕ ਸਿੰਘ , ਰਾਜਵਿੰਦਰ ਸਿੰਘ ਮਨਜੀਤ ਸਿੰਘ ,ਅਮਨਦੀਪ ਸਿੰਘ ਗੁਰਦਿੱਤ ਸਿੰਘ, ਇਕਬਾਲ ਸਿੰਘ, ਸ਼ੈਲਪ੍ਰੀਤ ਸਿੰਘ, ਬਲਵਿੰਦਰ ਸਿੰਘ, ਹਰਪ੍ਰੀਤ ਸਿੰਘ, ਰਾਜਵਿੰਦਰ ਸਿੰਘ ਅਤੇ ਨਿਰਮਲ ਸਿੰਘ ਹਾਜ਼ਰ ਸਨ।

## ਲਾਹੌਰ ਵਿਖੇ 33ਵੀਂ ਵਿਸ਼ਵ ਪੰਜਾਬੀ ਕਾਨਫਰੰਸ ਇੱਕ ਚੰਗੇ ਸਾਰਥਕ ਸੁਨੇਹੇ ਨਾਲ ਹੋਈ ਸੰਪੂਰਨ

ਵਰਲਡ ਪੰਜਾਬੀ ਟਾਈਮਜ਼

ਲਾਹੌਰ , 7 ਮਾਰਚ : ਅੱਜ ਵਿਸ਼ਵ ਪੰਜਾਬੀ ਕਾਂਗਰਸ ਵਲੋਂ ਕਾਰਵਾਈ ਜਾ ਰਹੀ 33ਵੀਂ ਵਿਸ਼ਵ ਪੰਜਾਬੀ ਕਾਨਫਰੰਸ ਇੱਕ ਸਾਰਥਕ ਸੁਨੇਹੇ ਨਾਲ ਸਮਾਪਤ ਹੋ ਗਈ ਹੈ । ਤਿੰਨ ਰੋਜ਼ਾ ਕਾਨਫਰੰਸ ਦੇ ਆਖ਼ਰੀ ਦਿਨ ਲਹਿੰਦੇ ਪੰਜਾਬ ਦੇ ਪਹਿਲੇ ਸਿੱਖ ਮੰਤਰੀ ਰਮੇਸ਼ ਸਿੰਘ ਅਰੋੜਾ ਅਤੇ ਉਜ਼ਮਾਂ ਬਾਖ਼ਾਰੀ ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ । ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਅਰੋੜਾ ਨੇ ਕਿਹਾ ਕਿ ਪਾਕਿਸਤਾਨ ਵਿੱਚ ਘੱਟ ਗਿਣਤੀਆਂ ਭਾਈਚਾਰੇ ਵਾਸਤੇ ਬਹੁਤ ਕੰਮ ਕੀਤਾ ਜਾ ਰਿਹਾ ਅਤੇ ਵੰਡ ਤੋਂ ਬਾਦ ਪਹਿਲੀ ਦਫ਼ਾ ਕਿਸੇ ਸਿੱਖ ਨੂੰ ਕੈਬਨਿਟ ਮੰਤਰੀ ਬਣਨ ਦਾ ਮਾਣ ਹਾਸਿਲ ਹੋਇਆ ਹੈ ।
ਉਨ੍ਹਾਂ ਕਿਹਾ ਕਿ ਅਸੀਂ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਬਹੁਤ ਸਾਰੇ ਪ੍ਰਬੰਧ ਕੀਤੇ ਗਏ ਹਨ । ਇਥੋਂ ਤੱਕ ਕਿ ਹਰ ਰੋਜ਼ 5000 ਸ਼ਰਧਾਲੂ ਦੇ ਠਹਿਰਨ ਦਾ ਵੀ ਪ੍ਰਬੰਧ ਕੀਤਾ ਹੈ । ਉਨ੍ਹਾਂ ਕਿਹਾ ਕਿ ਅਸੀਂ ਚੰਗੇ ਮਾਹੌਲ ਨਾਲ ਅੱਗੇ ਵੱਧ ਰਹੇ ਹਨ। ਇਸੇ ਦੌਰਾਨ ਲਹਿੰਦੇ ਪੰਜਾਬ ਦੀ ਕੈਬਨਿਟ ਮੰਤਰੀ ਉਜ਼ਮਾਂ ਬਾ ਖ਼ਾਰੀ ਨੇ ਕਿਹਾ ਕਿ ਸਾਡੀ ਸਰਕਾਰ ਇੱਥੇ ਵਸਦੇ ਘੱਟ ਗਿਣਤੀਆਂ ਭਾਈਚਾਰਾ ਸਾਡਾ ਅਹਿਮ ਹਿੱਸਾ ਹੈ । ਉਨ੍ਹਾਂ ਕਿਹਾ ਸਾਡੀ ਸਰਕਾਰ ਖਾਸ ਕਰਕੇ ਸਾਡੀ ਮੁੱਖ ਮੰਤਰੀ ਮਰੀਅਮ ਨਵਾਜ਼ ਸ਼ਰੀਫ ਸਿੱਖ ਕੌਮ ਲਈ ਤਤਪਰ ਹੈ । ਉਨ੍ਹਾਂ ਇਹ ਵੀ ਕਿਹਾ ਸਾਡੀ ਸਰਕਾਰ ਪੰਜਾਬੀ ਭਾਸ਼ਾ ਲਈ ਬਹੁਤ ਕੰਮ ਕਰ ਰਹੀ ਹੈ । ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਮੁਕਾਬਲੇ ਬਾਕੀ ਦੇਸ਼ਾਂ ਵਿੱਚ ਘੱਟ ਗਿਣਤੀਆਂ ਜ਼ਿਆਦਾ ਮਹਿਫੂਜ਼ ਨਹੀਂ ਹੈ ।




ਇਸ ਦੌਰਾਨ ਵਿਸ਼ਵ ਪੰਜਾਬੀ ਕਾਂਗਰਸ ਦੇ ਭਾਰਤੀ ਚੈਪਟਰ ਦੇ ਆਗੂ ਸਹਿਜਪ੍ਰੀਤ ਸਿੰਘ ਮਾਂਗਟ ਨੂੰ ਲਾਈਫ ਟਾਇਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ । ਸਹਿਜਪ੍ਰੀਤ ਸਿੰਘ ਮਾਂਗਟ ਦੋਹਾਂ ਪੰਜਾਬ ਦੇ ਵਿਚਕਾਰ ਇੱਕ ਪੁਲ ਦੀ ਤਰ੍ਹਾਂ ਕੰਮ ਕਰ ਰਹੇ ਹਨ । ਅੱਜ ਮੰਚ ਦੀ ਸ਼ਾਨ ਅੰਤਰਰਾਸ਼ਟਰੀ ਪ੍ਰਧਾਨ ਫ਼ਖਰ ਜ਼ਮਾਨ, ਸੁਖਵਿੰਦਰ ਅੰਮ੍ਰਿਤ, ਪ੍ਰੋ. ਗੁਰਭਜਨ ਸਿੰਘ ਗਿੱਲ, ਬਲਵਿੰਦਰ ਸੰਧੂ, ਜੰਗ ਬਹਾਦਰ ਗੋਇਲ ਤੇ ਲੋਕ ਗਾਇਕ ਰਵਿੰਦਰ ਗਰੇਵਾਲ ਬਣੇ ।
ਇਸਤੋਂ ਪਹਿਲਾਂ ਕਾਨਫ਼ਰੰਸ ਦੇ ਆਖ਼ਰੀ ਦਿਨ ਗੁਰਭਜਨ ਗਿੱਲ, ਕਮਲ ਦੁਸਾਂਝ , ਜੰਗ ਬਹਾਦੁਰ ਗੋਇਲ, ਬਲਕਾਰ ਸਿੰਘ ਸਿੱਧੂ, ਹਰਵਿੰਦਰ ਸਿੰਘ ਚੰਡੀਗੜ੍ਹ, ਸੁਸ਼ੀਲ ਦੁਸਾਂਝ, ਇੰਗਲੈਂਡ ਤੋਂ ਅਜ਼ੀਮ ਸ਼ੇਖਰ, ਪ੍ਰਿੰਸੀਪਲ ਨੀਲਮ ਗੋਇਲ, ਇੰਗਲੈਂਡ ਤੋਂ ਜਸਵਿੰਦਰ ਸਿੰਘ ਰੱਤੀਆਂ ਦਿੱਲੀ ਯੂਨੀਵਰਸਿਟੀ ਤੋਂ ਡਾਕਟਰ ਗੁਰਦੀਪ ਕੌਰ , ਸ਼ਬਦੀਸ਼ ਤੇ ਮਨਜੀਤ ਕੌਰ ਪੱਡਾ ਆਦਿ ਨੇ ਸੰਬੋਧਨ ਕੀਤਾ । ਇਸ ਦੌਰਾਨ ਪੰਜਾਬੀ ਗਾਇਕ ਤੇ ਹੀਰੋ ਰਵਿੰਦਰ ਗਰੇਵਾਲ ਤੇ ਲਹਿੰਦੇ ਪੰਜਾਬ ਦੇ ਗਾਇਕ ਇਮਰਾਨ ਸ਼ੌਕਤ ਅਲੀ ਨੇ ਵੀ ਖ਼ੁਬ ਰੰਗ ਬੰਨ੍ਹਿਆ ।ਇਸ ਦੌਰਾਨ ਚੜ੍ਹਦੇ ਪੰਜਾਬ ਤੋਂ ਆਏ ਵਫ਼ਦ ਮੈਬਰਾਂ ਨੂੰ ਸਨਮਾਨ ਚਿੰਨ੍ਹ ਦੇਕੇ ਸਨਮਾਨਿਤ ਕੀਤਾ ਗਿਆ ।
ਇਸ ਵਫ਼ਦ ਵਿਚ ਮਾਧਵੀ ਕਟਾਰੀਆ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਗੁਰਤੇਜ ਕੋਹਾਰਵਾਲਾ ਅਤੇ ਪੰਜਾਬੀ ਸਿਨੇਮਾ ਦੇ ਅਦਾਕਾਰ ਸਵੈਰਾਜ ਸਿੰਘ ਸੰਧੂ , ਪ੍ਰੋਫੈਸਰ ਨਵਰੂਪ ਕੌਰ, ਤਰਸਪਾਲ ਕੌਰ, ਸੁਨੀਲ ਕਟਾਰੀਆ, ਪੱਤਰਕਾਰ ਸ਼ਵਿੰਦਰ ਸਿੰਘ , ਸਵੈਰਾਜ ਸਿੰਘ ਸੰਧੂ , ਗੁਰਤੇਜ ਕੋਹਾਰਵਾਲਾ , ਦਲਜੀਤ ਸਿੰਘ ਸ਼ਾਹੀ ,
ਗੁਰਚਰਨ ਕੌਰ ਕੋਛੜ, ਬਲਵਿੰਦਰ ਸਿੰਘ ਸੰਧੂ, ਦਰਸ਼ਨ ਬੁੱਟਰ, ਭੁਪਿੰਦਰ ਕੌਰ ਪ੍ਰੀਤ, ਜਗਦੀਪ ਸਿੰਘ ਸਿੱਧੂ, ਜੈ ਇੰਦਰ ਚੌਹਾਨ, ਰਾਜਵੰਤ ਕੌਰ ਬਾਜਵਾ, ਤਰਸਪਾਲ ਕੌਰ ਆਦਿ ਸ਼ਾਮਿਲ ਸਨ ।
ਇਸੇ ਦੌਰਾਨ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਅਤੇ ਜਨਰਲ ਸਕੱਤਰ ਸੁਸ਼ੀਲ ਦੋਸਾਂਝ ਵਲੋਂ ਲਹਿੰਦੇ ਪੰਜਾਬ ਦੀ ਡਾਕਟਰ ਸੁਗਰਾ ਸਦਫ਼ ਸਾਬਕਾ ਡਾਇਰੈਕਟਰ ਜਨਰਲ ਪੰਜਾਬੀ ਇੰਸਟੀਚਿਊਟ ਆਫ ਭਾਸ਼ਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ।
ਸਮਾਗਮ ਦੇ ਅਖੀਰ ਵਿੱਚ ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਤੇ ਬੇਅੰਤ ਸਿੰਘ ਧਾਲੀਵਾਲ ਵੀ ਸ਼ਾਮਿਲ ਹੋਏ।
ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਲਹਿੰਦੇ ਤੇ ਚੜ੍ਹਦੇ ਪੰਜਾਬ ਦੀਆਂ ਕਈ ਹੋਰ ਨਾਮੀ ਹਸਤੀਆਂ ਵੀ ਹਾਜ਼ਿਰ ਸਨ। ਭਲਕੇ ਚੜ੍ਹਦੇ ਪੰਜਾਬ ਤੋਂ ਆਇਆ ਵਫ਼ਦ ਸ੍ਰੀ ਨਨਕਾਣਾ ਸਾਹਿਬ ਵਿਖੇ ਨਤਮਸਤਕ ਹੋਣ ਜਾਵੇਗਾ ਤੇ ਪਰਸੋਂ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਜਾਵੇਗਾ

## ਬਿਊਰੋ ਵੱਲੋਂ ਸਰਕਾਰੀ ਰਾਜਿੰਦਰਾ ਕਾਲਜ ਦੇ ਸਹਿਯੋਗ ਨਾਲ ਪਲੇਸਮੈਂਟ ਕੈਂਪ ਆਯੋਜਿਤ

ਵਰਲਡ ਪੰਜਾਬੀ ਟਾਈਮਜ਼
ਗੁਰਪ੍ਰੀਤ ਚਹਿਲ

ਬਠਿੰਡਾ, 7 ਮਾਰਚ : ਨੌਜਵਾਨਾਂ ਦੇ ਉਜਵੱਲ ਭਵਿੱਖ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਲੜੀ ਤਹਿਤ ਸਥਾਨਕ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਸਰਕਾਰੀ ਰਾਜਿੰਦਰਾ ਕਾਲਜ ਦੇ ਸਹਿਯੋਗ ਨਾਲ ਪਲੇਸਮੈਂਟ ਦਾ ਆਯੋਜਨ ਕੀਤਾ ਗਿਆ। ਇਹ ਜਾਣਕਾਰੀ ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਡੀ.ਬੀ.ਈ.ਈ. ਸ. ਜਸਪ੍ਰੀਤ ਸਿੰਘ ਨੇ ਸਾਂਝੀ ਕੀਤੀ।

ਇਸ ਦੌਰਾਨ ਡਿਪਟੀ ਡਾਇਰੈਕਟਰ ਸ਼੍ਰੀਮਤੀ ਪਰਮਿੰਦਰ ਕੌਰ ਨੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਐਸ.ਬੀ.ਆਈ. ਲਾਈਫ ਇੰਸੋਰੈਂਸ, ਪੁਖਰਾਜ ਹੈਲਥ ਕੇਅਰ, ਆਈ.ਸੀ.ਆਈ.ਸੀ.ਆਈ. ਬੈਂਕ, ਇੰਡੀਆਂ ਜੋਬ ਕਾਰਟ, ਏ.ਵੀ.ਸੀ. ਮਹਿੰਦਰਾ, ਫੋਨ ਪੇਅ, ਫਲਿਪਕਾਰਟ, ਆਰ.ਐਡ.ਜੇ. ਲਾਅ ਕੰਨਸਲਟੈਂਟ ਆਦਿ ਵੱਲੋਂ ਸ਼ਿਰਕਤ ਕੀਤੀ ਗਈ। ਕੈਂਪ ਦੌਰਾਨ ਲਗਭਗ 173 ਪ੍ਰਾਰਥੀਆਂ ਵੱਲੋਂ ਸਿਰਕਤ ਕੀਤੀ ਗਈ ਅਤੇ ਵੱਖ-ਵੱਖ ਕੰਪਨੀਆਂ ਦੁਆਰਾ ਕੁੱਲ 97 ਪ੍ਰਾਰਥੀਆਂ ਦੀ ਸਿਲੈਕਸ਼ਨ ਕੀਤੀ ਗਈ। ਵੱਖ-ਵੱਖ ਅਸਾਮੀਆਂ ਲਈ ਪ੍ਰਾਰਥੀਆਂ ਨੂੰ 10,000/- ਰੁਪਏ ਤੋਂ ਲੈ ਕੇ 20,000/- ਰੁਪਏ ਪ੍ਰਤੀ ਮਹੀਨਾਂ ਦੀ ਤਨਖਾਹ ਦੇ ਆਫਰ ਦਿੱਤੇ ਗਏ।



ਸਥਾਨਕ ਸਰਕਾਰੀ ਰਾਜਿੰਦਰਾ ਕਾਲਜ ਦੇ ਪ੍ਰਿੰਸੀਪਲ ਸ਼੍ਰੀਮਤੀ ਜਯੋਤਸਨਾ ਵੱਲੋਂ ਆਏ ਹੋਏ ਸਾਰੇ ਨਿਯੋਜਕਾਂ ਦਾ ਦਿਲੋਂ ਧੰਨਵਾਦ ਕੀਤਾ ਗਿਆ। ਉਨ੍ਹਾਂ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਤਰ੍ਹਾਂ ਦੇ ਹੋਰ ਪਲੇਸਮੈਂਟ ਕੈਂਪਾ ਦਾ ਆਯੋਜਨ ਵੀ ਕੀਤਾ ਜਾਵੇਗਾ।

ਰੋਜ਼ਗਾਰ ਅਫਸਰ ਮਿਸ ਅੰਕਿਤਾ ਅਗਰਵਾਲ ਨੇ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਿਰਕਤ ਕਰਨ ਵਾਲੇ ਪ੍ਰਾਰਥੀਆਂ ਨੂੰ ਕੈਂਪ ਤੋਂ ਦੋ ਦਿਨ ਪਹਿਲਾਂ ਕਰੀਅਰ ਕੌਸ਼ਲਰ ਸ੍ਰੀ ਵਿਸ਼ਾਲ ਚਾਵਲਾ ਵੱਲੋਂ ਇੰਟਰਵੀਓ ਟਿਪਸ, ਰਜਿਓਮ ਮੇਕਿੰਗ ਅਤੇ ਕਮਿਓਨੀਕੇਸ਼ਨ ਸਕਿੱਲਜ਼ ਅਤੇ ਇਸ ਦੇ ਨਾਲ ਹੀ ਮੋਕ ਇੰਟਰਵੀਓ ਡਰਾਈਵ ਵੀ ਕਰਵਾਈ ਗਈ। ਪਲੇਸਮੈਂਟ ਕੈਂਪ ਦੌਰਾਨ ਪ੍ਰਬੰਧਕੀ ਸ਼ਾਖਾ ਵੱਲੋਂ ਸ਼੍ਰੀ ਬਲਤੇਜ ਸਿੰਘ ਵੱਲੋਂ ਪ੍ਰਾਰਥੀਆਂ ਨੂੰ ਵਧੀਆ ਇੰਟਰਵੀਓ ਦੇਣ ਲਈ ਉਤਸ਼ਾਹਿਤ ਕੀਤਾ ਗਿਆ ਅਤੇ ਕੰਪਨੀਆਂ ਦੇ ਨਿਯੋਜਕਾਂ ਨੂੰ ਵਧਿਆ ਸਿਲੈਕਸ਼ਨ ਲਈ ਧੰਨਵਾਦ ਕੀਤਾ ਗਿਆ। ਪਲੇਸਮੈਂਟ ਕੈਂਪ ਦੌਰਾਨ ਸ਼੍ਰੀ ਸੰਦੀਪ ਸਿੰਗਲਾ, ਮੈਡਮ ਸੀਮਾ, ਮੈਡਮ ਡਿੰਪਲ, ਮੈਡਮ ਨਿਸ਼ੀਮਾ, ਮੈਡਮ ਬਿੰਦੀਆ ਗੁਪਤਾ ਵੱਲੋਂ ਬਾਖੂਬੀ ਸੇਵਾਵਾਂ ਨਿਭਾਈਆਂ ਗਈਆ।

ਵਰਲਡ ਪੰਜਾਬੀ ਟਾਈਮਜ਼ 07 ਮਾਰਚ 2024 ਦਿਨ ਵੀਰਵਾਰ

## ਮਿੰਨੀ ਕਹਾਣੀ ( ਭਈਆ )

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ ਦਰਦੀ ਫ਼ਰੀਦਕੋਟ



ਸਵੇਰ ਦੇ ਸਾਢੇ ਸੱਤ ਵਜੇ ਸਮਾਂ । ਗੁਰਚਰਨ ਸਿੰਘ ਬਾਹਰ ਵੇਹੜੇ 'ਚ ਬੈਠਾ ਅਖ਼ਬਾਰ ਪੜ੍ਹ ਰਿਹਾ, ਤੇ ਕੋਲ ਮੰਜੇ ਤੇ ਬੈਠਾ ਰਾਜੂ ਸੀਰੀ , ਜੋ ਬਿਹਾਰੀ ਹੈ ਰੋਟੀ ਖਾ ਰਿਹਾ । ਬਾਹਰੋ ਆਵਾਜ ਆਉਂਦੀ ਹੈ, ਗੁਰਚਰਨ ਸਿਹਾਂ ਘਰੇ ਹੋ!

ਆਜੋ ਸੱਜਣ ਸਿਹਾਂ, ਲੰਘ ਆਓ …..

ਹੋਰ ਸੁਣਾਓ ਸੱਜਣ ਸਿਹਾਂ ਕੀ ਹਾਲ ਏ.. ਹੋਰ ਸੁਣਾਓ ਕਿੱਦਾ ਆਉਣਾ ਹੋਇਆ।

ਬਸ ਖੇਤੋ ਆਇਆ, ਸੋਚਿਆ ਗੁਰਚਰਨ ਸਿੰਘ ਨਾਲ ਦੋ ਚਾਰ ਗੱਪ ਸ਼ੱਪ ਮਾਰ ਚੱਲੀਏ....

ਏਨੇ ਚਿਰ ਵਿੱਚ ਰਾਜੂ ਰੋਟੀ ਖਾ ਕੇ ਜੂਠੇ ਭਾਂਡੇ ਕੰਧੋਲੀ ਤੇ ਰੱਖ, ਆਪਣਾ ਕੰਮ ਕਰਨ ਲਈ ਖੇਤ ਤੁਰ ਗਿਆ।

ਉਸ ਜਾਂਦੇ, ਸੱਜਣ ਸਿੰਘ ਨੇ ਗੁਰਚਰਨ ਸਿੰਘ ਨੂੰ ਕਿਹਾ …

ਗੁਰਚਰਨ ਸਿਹਾਂ, ਏਨਾ ਭਈਆ ਨੂੰ ਐਨਾ ਸਿਰੇ ਨਹੀ ਚਾੜੀਦਾ, ਏਨਾ ਨੂੰ ਥੱਲੇ ਲਾ ਕੇ ਰੱਖਿਆ ਕਰੋ। ਓਨਾ ਹੀ ਚੰਗਾ ਹੁੰਦਾ, ਮੈਨੂੰ ਤਾਂ ਚੰਗੇ ਨਹੀ ਲੱਗਦੇ, ਯੂ.ਪੀ , ਬਿਹਾਰ ਵਾਲੇ। ਏਨਾ ਨੂੰ ਬਾਹਰ ਪਸ਼ੂਆਂ ਵਾਲੇ ਵਾੜੇ ਰੱਖਣਾ ਚਾਹੀਦਾ ।

ਗੁਰਚਰਨ ਸਿੰਘ ਨੇ ਰੋਕਦੇ ਹੋਏ ਕਿਹਾ , ਸੱਜਣ ਸਿਹਾਂ ਐ ਨਹੀ ਕਹੀਦਾ।ਇਹ ਤਾਂ ਵਿਚਾਰੇ ਮਿਹਨਤ ਮਜਦੂਰੀ ਕਰਨ ਆਉਂਦੇ।ਜਿਵੇਂ ਆਪਣੇ ਪੰਜਾਬੀ ਭਰਾ ਵਿਦੇਸ਼ਾ ਵਿਚ ਜਾਂਦੇ।

ਮੇਰੀ ਇੱਕ ਗੱਲ ਸੁਣ,ਇਹ ਵਿਚਾਰਾ ਸਾਰਾ ਦਿਨ, ਸਾਡੇ ਸਾਰੇ ਪਰਿਵਾਰ ਨੂੰ ਜੀ ਜੀ ਕਰਦਾ ਫਿਰਦਾ,ਅਸੀ ਕਿਹੜਾ ਏਨੂੰ ਜੀ ਜੀ ਕਹਿਣ ਦੀ ਤਨਖਾਹ ਦੇਣੀ ਨਾਲੇ ਸਾਡਾ ਸਾਰਾ ਕੰਮ ਕਰਦਾ..ਕਿਸੇ ਕੰਮ ਤੋ ਮਨ੍ਹਾਂ ਨਹੀ ਕਰਦਾ , ਓਹ ਵੀ ਬਹੁਤ ਥੋੜੀ ਤਨਖਾਹ 'ਚ ।

ਜੇ ਏਨੂੰ ਵਿਚਾਰੇ ਨੂੰ ਮੰਜੇ ਤੇ ਬਿਠਾ , ਰੋਟੀ ਖੁਆ ਦਿੰਦੇ ,ਕਿਹੜਾ ਪਾਪ ਹੋ ਜਾਂਦਾ।ਮੇਰੇ ਪਰਿਵਾਰ ਨੇ ਕਦੇ , ਏਨੂੰ ਭਈਆ ਨਹੀ ਕਿਹਾ, ਬੱਚਿਆ ਵਾਗੂ ਸਮਝਦੇ ਨੇ ਸਾਰੇ..

ਸੱਜਣ ਸਿਹਾਂ , ਵੱਡੇ ਵੱਡੇ ਘਰਾਂ 'ਚ , ਜਦੋ ਕੋਈ ਬੰਦਾ ਕੰਮ ਕਰਨ ਜਾਂਦਾ ਸੀ ਤਾਂ ਔਰਤਾਂ ,ਉਸਨੂੰ ਭਈਆ, ਜਿਸਦਾ ਮਤਲਬ ਸੀ ਭਰਾ ਕਹਿ ਕੇ ਬੁਲਾਇਆ ਕਰਦੀਆਂ ਸਨ। ਪਰ ਸਾਡੇ ਕੁਝ ਪੰਜਾਬੀਆਂ ਨੇ , ਇਸ ਦਾ ਉਲਟ ਮਤਲਬ ਕੱਢ ਲਿਆ।

ਸੱਜਣ ਸਿਹਾਂ ਕਿ ਯੂ.ਪੀ , ਬਿਹਾਰ 'ਚ ਜੰਮਣ ਵਾਲਿਆ ਨੂੰ ਅਸੀ ਇੱਜ਼ਤ ਨਹੀ ਦੇਣੀ । ਸਾਡੇ ਗੁਰੂਆਂ ਦਾ ਉਪਦੇਸ਼ ਹੈ , "ਮਾਨਸ ਕੀ ਜਾਤ,ਸਭੈ ਏਕ ਪਹਿਚਾਨਬੋ" ਕਿ ਅਸੀ ਓਨਾਂ ਦੇ ਉਪਦੇਸ਼ਾਂ ਤੇ ਚਲਦੇ ਹਾਂ ।ਸਾਡੇ ਦਸਮ ਪਾਤਸ਼ਾਹ "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਵੀ ਪਟਨਾ ਸਾਹਿਬ ਹੋਇਆ।ਜਿਹੜਾ ਬਿਹਾਰ ਵਿੱਚ ਹੈ।

ਯੂ.ਪੀ,ਬਿਹਾਰ ਦੇ ਬਹੁਤ ਸਾਰੇ ਡੀ.ਸੀ ਸਾਹਿਬਾਨ, ਐਸ.ਐਸ.ਪੀ ਸਹਿਬਾਨ , ਹੋਰ ਕਿੰਨੇ ਅਫਸਰ ਸਹਿਬਾਨ, ਪੰਜਾਬ ਲਈ ਤੇ ਪੰਜਾਬੀਅਤ ਦੀ ਖੁਸ਼ਹਾਲੀ ਲਈ, ਪੰਜਾਬੀ ਭਰਾਵਾਂ ਨਾਲ ਮਿਲ ਕੇ ਦਿਨ-ਰਾਤ ਇਕ ਕਰ ਰਹੇ ਹਨ। ਓਧਰ ਦੇ ਫਿਲਮ ਸਟਾਰ, ਜਿੰਨਾ ਦੀਆਂ ਫਿਲਮਾਂ ਅਸੀ ਖੁਸ਼ ਹੋ ਕੇ ਦੇਖਦੇ ਹਾਂ।

ਫਿਰ ਏਨਾਂ ਵਿਚਾਰਿਆ ਨੂੰ ਨਫਰਤ ਕਿਓ ? ਸਭ ਜੀਵ ਉਸ ਪ੍ਰਮਾਤਮਾ ਦੇ ਹਨ। ਹਰ ਇੱਕ ਵਿਚ ਉਸਦਾ ਵਾਸ ਹੈ।

ਠੀਕ ਕਿਹਾ, ਗੁਰਚਰਨ ਸਿਹਾਂ ਤੂੰ ਤਾਂ ਮੇਰੀਆਂ ਅੱਖਾਂ ਖੋਲ੍ਹ ਦਿੱਤੀਆ। ਮੈ ਅੱਗੇ ਤੋ ਕਿਸੇ ਯੂ.ਪੀ , ਬਿਹਾਰ ਵਾਲੇ ਨੂੰ 'ਭਈਆ' ਨਹੀ ਕਹਾਂਗਾ। ਚੰਗਾ ਚਲਦਾ ਹਾਂ …..

## ਦੁੱਖੀ ਹੋਣ ਦੇ ਕਾਰਨ...

ਵਰਲਡ ਪੰਜਾਬੀ ਟਾਈਮਜ਼
ਪਰਵੀਨ ਕੌਰ ਸਿੱਧੂ

ਜ਼ਿੰਦਗੀ ਵਿਚ ਵਿਚਰਦਿਆਂ ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡਾ ਕੋਈ ਕਰੀਬੀ, ਦੋਸਤ, ਜਾਂ ਰਿਸ਼ਤੇਦਾਰ ਤੁਹਾਨੂੰ ਬੇਧਿਆਨ ਕਰ ਰਿਹਾ ਹੈ, ਤਾਂ ਉਸ ਕੋਲੋਂ ਥੋੜੀ ਦੂਰੀ ਬਣਾ ਲਉ। ਸਮਾਂ ਲੰਘਣ 'ਤੇ ਜੇਕਰ ਇਹੀ ਵਤੀਰਾ ਜਾਰੀ ਰਹਿੰਦਾ ਹੈ ਤਾਂ ਬਿਨਾਂ ਕੁਝ ਕਹੇ ਆਪਣੀ ਜ਼ਿੰਦਗੀ ਦੀ ਤੋਰ ਵਿਚ ਮਸਤ ਹੋ ਜਾਉ। ਤੁਹਾਨੂੰ ਹਰ ਕੋਈ ਪਸੰਦ ਨਹੀਂ ਕਰ ਸਕਦਾ ਅਤੇ ਹਰ ਇੱਕ ਨਫ਼ਰਤ ਨਹੀਂ ਕਰਦਾ। ਕਈਆਂ ਦਾ ਸੁਭਾਅ ਹੀ ਹੁੰਦਾ ਹੈ ਕਿ ਹਰ ਇੱਕ ਦੀ ਸਿਫਤ ਕਰੀ ਜਾਣਾ। ਕਈ ਗੁਣ ਨਾ ਹੋਣ ਦੇ ਬਾਵਜੂਦ ਵੀ ਅਗਲਾ ਜੇਕਰ ਤੁਹਾਡੀ ਝੂਠੀ ਤਾਰੀਫ਼ ਕਰ ਰਿਹਾ ਹੈ ਤਾਂ ਸਤਰਕ ਹੋ ਜਾਉ। ਤੁਹਾਨੂੰ ਆਪਣੀਆਂ ਕਮੀਆਂ ਅਤੇ ਗੁਣਾਂ ਬਾਰੇ ਪਤਾ ਹੋਣਾ ਚਾਹੀਦਾ ਹੈ ਤਾਂ ਹੀ ਤੁਸੀਂ ਆਪਣੇ ਬਾਰੇ ਸਹੀ ਰਾਇ ਰੱਖਣ ਵਾਲੇ ਲੋਕਾਂ ਬਾਰੇ ਜਾਣ ਸਕਦੇ ਹੋ।

ਅਸੀਂ ਬਹੁਤੇ ਦੁੱਖੀ ਆਪਣੇ ਆਪ ਕਰਕੇ ਹੀ ਹੁੰਦੇ ਹਾਂ। ਆਪਣੀ ਲੋੜ ਤੋਂ ਜ਼ਿਆਦੀਆਂ ਪਾਲੀਆਂ ਖਾਹਿਸ਼ਾਂ ਕਰਕੇ। ਕਈ ਵਾਰ ਅਸੀਂ ਕਿਸੇ ਦਾ ਬਹੁਤ ਤੇਹ ਕਰਦੇ ਹਾਂ,ਪਰ ਅਗਲਾ ਸਾਡੇ ਨਾਲ ਉਨਾਂ ਨਹੀਂ ਕਰਦਾ ਜਿਨਾਂ ਅਸੀਂ ਅਗਲੇ ਦਾ ਕਰਦੇ ਹਾਂ। ਇਹੀ ਕਾਰਨ ਹੁੰਦਾ ਹੈ ਕਿ ਅਸੀਂ ਦੁੱਖੀ ਹੁੰਦੇ ਹਾਂ। ਸੋਚਿਆਂ ਜਾਵੇ ਤਾਂ ਪਿਆਰ ਜ਼ਿਆਦਾਤਰ ਇੱਕ ਤਰਫ਼ਾ ਹੀ ਹੁੰਦਾ ਹੈ। ਕਿਸੇ ਨਾਲ਼ ਅਸੀਂ ਦਿਲੋਂ ਕਰਦੇ ਹਾਂ, ਜ਼ਰੂਰੀ ਨਹੀਂ ਅਗਲਾ ਵੀ ਸਾਡੇ ਨਾਲ਼ ਦਿਲੋਂ ਹੀ ਕਰੇ, ਇਹ ਅਗਲੇ ਦੀ ਨਿੱਜੀ ਜ਼ਿੰਦਗੀ ਦਾ ਸਵਾਲ ਹੈ। ਕੋਈ ਕਿਸੇ ਨੂੰ ਬੰਦਿਸ਼ ਨਹੀਂ ਲਗਾ ਸਕਦਾ। ਪਿਆਰ ਅਤੇ ਆਪਣੇਪਨ ਵਿਚ ਸੌਦੇਬਾਜ਼ੀ ਨਹੀਂ ਚਲਦੀ ਹੈ। ਇਹ ਤੁਹਾਡੇ ਮਨ ਅਤੇ ਦਿਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਸੇ ਨੂੰ ਕਿੰਨਾ ਚਾਹੁੰਦੇ ਹੋ?

ਹਰ ਮਨੁੱਖ ਦਾ ਸੁਭਾਅ ਅਤੇ ਆਦਤਾਂ ਵੱਖੋਂ-ਵੱਖ ਹੁੰਦੇ ਹਨ। ਅਸੀਂ ਕਈਆਂ ਦੇ ਸੁਭਾਅ ਤੋਂ ਪ੍ਰਭਾਵਿਤ ਹੁੰਦੇ ਹਾਂ,ਕਈਆਂ ਜੀ ਦਿਖ ਤੋਂ ਅਤੇ ਕਈਆਂ ਦੀਆਂ ਆਦਤਾਂ ਬਹੁਤ ਪਸੰਦ ਕਰਦੇ ਹਾਂ। ਇਹ ਪਸੰਦ-ਨਾਪਸੰਦ ਸਾਡਾ ਨਿੱਜੀ ਮਸਲਾ ਹੈ। ਇਵੇਂ ਹੀ ਅਗਲੇ ਵਿਅਕਤੀ ਦਾ ਵੀ ਨਿੱਜੀ ਮਸਲਾ ਹੈ ਕਿ ਉਹ ਤੁਹਾਡੇ ਪਿਆਰ ਅਤੇ ਵਿਸ਼ਵਾਸ਼ 'ਤੇ ਖਰਾ ਉਤਰਦਾ ਹੈ ਕਿ ਨਹੀਂ ਜਾਂ ਤੁਸੀਂ ਉਸ ਦੇ ਪਿਆਰ 'ਤੇ ਖਰੇ ਉਤਰਦੇ ਹੋ ਕਿ ਨਹੀਂ?

ਇਹ ਸਭ ਆਪੋ ਆਪਣੇ ਵਿਚਾਰ ਅਤੇ ਸਮਝ ਹੁੰਦੀ ਹੈ। ਇਸ ਲਈ ਕਿਸੇ ਨੂੰ ਮਜਬੂਰ ਨਹੀਂ ਕੀਤਾ ਜਾ ਸਕਦਾ। ਘਰਾਂ ਵਿੱਚ ਵੀ ਕਲੇਸ਼ ਲੈਣ-ਦੇਣ ਕਰਕੇ ਹੀ ਹੁੰਦਾ ਹੈ। ਕਦੀ ਕੁਝ ਵਾਧੇ-ਘਾਟੇ ਕਰਕੇ ਹੁੰਦਾ ਹੈ। ਆਪਣੇ ਮਨ ਨੂੰ ਸਮਝਾਉਣਾ ਪੈਂਦਾ ਹੈ। ਮਸਲੇ ਆਪੇ ਘੱਟ ਹੋ ਜਾਂਦੇ ਹਨ। ਜੇ ਮੈਂ ਇਹ ਸੋਚਾਂ ਕਿ ਅਗਲੇ ਨੇ ਆਪਣੇ ਕੰਮ ਕਰਨ ਸਮੇਂ ਮੈਨੂੰ ਪੁੱਛਿਆ ਤੱਕ ਨਹੀਂ ਹੈ। ਮੈਂ ਤਾਂ ਹਮੇਸ਼ਾ ਪੁੱਛ ਕੇ ਹੀ ਕੰਮ ਕਰਦੀ ਹਾਂ, ਇੰਝ ਕਰਨ ਨਾਲ ਮੈਂ ਆਪਣੀਆਂ ਪ੍ਰੇਸ਼ਾਨੀਆਂ ਆਪ ਵਧਾਵਾਂਗੀ। ਤੁਹਾਨੂੰ ਦੂਸਰੇ ਵਿਅਕਤੀ ਦੀ ਲੋੜ ਮਹਿਸੂਸ ਹੋਈ ਹੈ, ਜ਼ਰੂਰੀ ਨਹੀ ਕਿ ਅਗਲੇ ਇਨਸਾਨ ਨੂੰ ਵੀ ਤੁਹਾਡੀ ਹੀ ਲੋੜ ਮਹਿਸੂਸ ਹੋਵੇਗੀ। ਲੋੜਾਂ ਅਤੇ ਜ਼ਰੂਰਤਾਂ ਸਭ ਦੀਆਂ ਵੱਖੋ-ਵੱਖਰੀਆਂ ਹੁੰਦੀਆਂ ਹਨ।

ਤੁਸੀਂ ਰਿਸ਼ਤੇ ਖੁਸ਼ ਹੋ ਕੇ ਨਿਭਾਅ ਕੇ ਵੇਖੋ ਤਾਂ ਸਹੀ, ਰੂਹ ਵਿੱਚ ਖੇੜਾ ਆਵੇਗਾ। ਚਿਹਰੇ ਦੀ ਚਮਕ ਦੁਗਣੀ ਹੋ ਜਾਵੇਗੀ। ਵੈਰ ਵਿਰੋਧ ਮਿਟੇਗਾ। ਆਪਸੀ ਪਿਆਰ ਦੀਆਂ ਸਾਂਝਾਂ ਪੱਕੀਆਂ ਹੋਣਗੀਆਂ, ਦੁੱਖ ਅਤੇ ਮਾਨਸਿਕ ਪ੍ਰੇਸ਼ਾਨੀਆਂ ਘੱਟਣਗੀਆ।

ਜ਼ਿੰਦਗੀ ਵਿਚ ਵਿਚਰਦਿਆਂ ਵਿਚਾਰਾਂ ਦਾ ਆਦਾਨ-ਪ੍ਰਦਾਨ ਵੀ ਹੁੰਦਾ ਹੈ। ਵਿਚਾਰ ਸਭ ਦੇ ਸੁਣੋ,ਪਰ ਮਰਜ਼ੀ ਆਪਣੀ ਹੀ ਕਰੋ। ਜੋ ਤੁਹਾਨੂੰ ਚੰਗਾ ਲੱਗੇ ਉਹੀ ਕਰੋ। ਬਾਅਦ ਵਿੱਚ ਦੂਸਰਿਆਂ ਨੂੰ ਕਹਿੰਦੇ ਫਿਰਨਾ ਕਿ ਮੈਂ ਤੇਰੀ ਮੰਨ ਕੇ ਇਹ ਕੰਮ ਕੀਤਾ ਸੀ। ਇਸ ਤਰ੍ਹਾ ਝੂਰਨ ਦਾ ਕੋਈ ਫ਼ਾਇਦਾ ਨਹੀਂ ਹੁੰਦਾ। ਤੁਸੀਂ ਵੀ ਦੁਨੀਆਂ ਵਿੱਚ ਵਿਚਰ ਰਹੇ ਹੋ। ਆਪ ਵੀ ਕੋਸ਼ਸ਼ ਜਾਰੀ ਰੱਖੋ। ਕਿਸੇ ਦੂਸਰੇ 'ਤੇ ਪੂਰੇ ਨਿਰਭਰ ਹੋਣ ਦੀ ਥਾਂ 'ਤੇ ਆਪ ਵੀ ਸੁਚੇਤ ਰਹੋ। ਆਪਣੀ ਹੋਂਦ ਨੂੰ ਸਮਝ ਕੇ ਉਸ ਨੂੰ ਪਛਾਨਣ ਦੀ ਆਪਣੇ ਆਪ ਦੀ ਮਦਦ ਆਪ ਕਰੋ। ਸਦਾ ਖੁਸ਼ ਅਤੇ ਹੱਸਦੇ-ਵੱਸਦੇ ਰਹੋ ਪਿਆਰਿਓ।

## ਗੜਿਆਂ ਦਾ ਮੀਂਹ

ਕੁਦਰਤ ਨੇ ਕਹਿਰ ਕਮਾਇਆ
ਗਰੀਬ ਦਾ ਕੋਠਾ ਢਾਇਆ
ਸਿਰ ਤੋਂ ਸਾਡੇ ਛੱਤ ਤੂੰ ਖੋਹ ਲਈ
ਰੱਬਾ ਤੈਨੂੰ ਤਰਸ ਨਾ ਆਇਆ

ਇੱਕ ਗੱਲ ਤੂੰ ਸਮਝਾਦੇ ਮੈਨੂੰ
ਤਰਸ ਕਿਉਂ ਨੀ ਆਉਂਦਾ ਤੈਨੂੰ
ਸੀਨੇਂ ਵਿੱਚ ਸਾਡੇ ਸਾਹ ਸੁਕਾਇਆ
ਰੱਬਾ ਤੈਨੂੰ ਤਰਸ ਨਾ ਆਇਆ

ਵੇਹੜੇ ਵਿੱਚ ਪੈ ਗਿਆ ਟੋਇਆ
ਭੁੱਬਾਂ ਮਾਰਕੇ ਬਾਪੂ ਰੋਇਆ
ਜਾਵੇ ਨਾ ਚੁੱਪ ਕਰਾਇਆ
ਰੱਬਾ ਤੈਨੂੰ ਤਰਸ ਨਾ ਆਇਆ

ਬਹਿ ਅੱਖੀਆਂ ਚੋਂ ਅੱਥਰੂ ਕੇਰੇ
ਬੈਠੀ ਬੇਬੇ ਸਾਡੀ ਮਾਲ਼ਾ ਫੇਰੇ
ਗਲ਼ੀ ਵਿੱਚ ਸੀ ਮੰਜਾ ਡਾਇਆ
ਰੱਬਾ ਤੈਨੂੰ ਤਰਸ ਨਾ ਆਇਆ

ਵਿਲਕਣ ਪਏ ਬਾਲ਼ ਨਿਆਣੇਂ
ਮੀਤੇ ਰੋਂਦੇ ਸੀ ਭੁੱਖਣ ਭਾਣੇਂ
ਨਾ ਆਕੇ ਕਿਸੇ ਗਲ ਨਾਲ ਲਾਇਆ
ਰੱਬਾ ਤੈਨੂੰ ਤਰਸ ਨਾ ਆਇਆ

ਕਿਸਮਤ ਸਾਡੀ ਹੋ ਗਈ ਖੋਟੀ
ਸਿੱਧੂ ਪੱਕੀ ਨਾ ਘਰ ਵਿੱਚ ਰੋਟੀ
ਗੜਿਆਂ ਦਾ ਮੀਂਹ ਵਰ੍ਹਾਇਆ
ਰੱਬਾ ਤੈਨੂੰ ਤਰਸ ਨਾ ਆਇਆ



ਵਰਲਡ ਪੰਜਾਬੀ ਟਾਈਮਜ਼
ਅਮਰਜੀਤ ਸਿੰਘ ਸਿੱਧੂ

## 8 ਮਾਰਚ ਅੰਤਰਰਾਸ਼ਟਰੀ ਮਹਿਲਾ ਦਿਵਸ ਤੇ ਵਿਸ਼ੇਸ਼।

### ਔਰਤ ਸਮਾਜ ਲਈ ਹਰ ਖੇਤਰ ਵਿੱਚ ਪਾਉਂਦੀ ਹੈ ਆਪਣਾ ਵੱਡਮੁੱਲਾ ਯੋਗਦਾਨ।

### ਔਰਤਾਂ ਦਾ ਸਸ਼ਕਤੀਕਰਨ ਇੱਕ ਖੁਸ਼ਹਾਲ ਅਤੇ ਨਿਆਂਪੂਰਨ ਸਮਾਜ ਦੀ ਕੁੰਜੀ ਹੈ।

ਵਰਲਡ ਪੰਜਾਬੀ ਟਾਈਮਜ਼
ਲੈਕਚਰਾਰ ਲਲਿਤ ਗੁਪਤਾ




ਔਰਤ ਦਾ ਸਨਮਾਨ ਕਰਨ ਅਤੇ ਉਸ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕਰਨ ਅਤੇ ਉਸ ਦੇ ਸਮਰਪਣ ਦਾ ਮੁੱਲ ਦੇਣ ਲਈ ਹਰ ਸਾਲ 8 ਮਾਰਚ ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਜਾਂਦਾ ਹੈ। ਜਦੋਂ ਵੀ ਘਰ ਵਿੱਚ ਧੀ ਦਾ ਜਨਮ ਹੁੰਦਾ ਹੈ ਤਾਂ ਕਿਹਾ ਜਾਂਦਾ ਹੈ ਕਿ ਘਰ ਵਿੱਚ ਲਕਸ਼ਮੀ ਆ ਗਈ ਹੈ। ਜਦੋਂ ਨਵੀਂ ਵਿਆਹੀ ਨੂੰਹ ਘਰ ਵਿਚ ਆਉਂਦੀ ਹੈ ਤਾਂ ਵੀ ਉਸ ਦੀ ਤੁਲਨਾ ਲਕਸ਼ਮੀ ਦੇ ਆਉਣ ਨਾਲ ਕੀਤੀ ਜਾਂਦੀ ਹੈ। ਔਰਤ, ਇਹ ਕੋਈ ਆਮ ਸ਼ਬਦ ਨਹੀਂ ਹੈ, ਸਗੋਂ ਅਜਿਹਾ ਸਨਮਾਨ ਹੈ, ਜਿਸ ਨੂੰ ਬ੍ਰਹਮਤਾ ਮਿਲੀ ਹੈ। ਵੈਦਿਕ ਕਾਲ ਤੋਂ ਔਰਤਾਂ ਦਾ ਸਥਾਨ ਭਗਵਾਨ ਦੇ ਬਰਾਬਰ ਹੈ, ਇਸ ਲਈ ਔਰਤਾਂ ਦੀ ਤੁਲਨਾ ਦੇਵੀ-ਦੇਵਤਿਆਂ ਨਾਲ ਕੀਤੀ ਜਾਂਦੀ ਹੈ। ਇਹ ਸਤਿਕਾਰ ਸਿਰਫ਼ ਔਰਤਾਂ ਨੂੰ ਹੀ ਦਿੱਤਾ ਜਾਂਦਾ ਹੈ, ਜੋ ਵੇਦਾਂ ਅਤੇ ਪੁਰਾਣਾਂ ਤੋਂ ਚੱਲਿਆ ਆ ਰਿਹਾ ਹੈ।ਅੱਜ ਦੇ ਸਮਾਜ ਨੇ ਔਰਤ ਨੂੰ ਉਹ ਸਤਿਕਾਰ ਨਹੀਂ ਦਿੱਤਾ, ਜੋ ਕਈ ਜਨਮਾਂ ਤੋਂ ਔਰਤਾਂ ਨੂੰ ਦਿੱਤਾ ਜਾਂਦਾ ਰਿਹਾ ਹੈ।ਔਰਤਾਂ ਤੋਂ ਬਿਨਾਂ ਧਰਤੀ 'ਤੇ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਅੰਤਰਰਾਸ਼ਟਰੀ ਮਹਿਲਾ ਦਿਵਸ ਬਹੁਤ ਵਧੀਆ ਲੱਗਦਾ ਹੈ, ਪਰ ਜਦੋਂ ਇਸ ਮੁੱਦੇ ਨੂੰ ਇਕਾਂਤ ਵਿਚ ਵਿਚਾਰਿਆ ਜਾਂਦਾ ਹੈ, ਤਾਂ ਮਨ ਵਿਚ ਸਵਾਲ ਉੱਠਦਾ ਹੈ ਕਿ ਇਹ ਕੀ ਸਮੱਸਿਆ ਸੀ, ਜਿਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਔਰਤਾਂ ਨੂੰ ਸਨਮਾਨਿਤ ਕਰਨ ਲਈ ਇਕ ਦਿਨ ਦਾ ਐਲਾਨ ਕਰਨਾ ਪਿਆ ?? ਕੀ ਸ਼ੁਰੂ ਤੋਂ ਹੀ ਇਸ ਦਾ ਮਕਸਦ ਸਿਰਫ਼ ਔਰਤਾਂ ਦਾ ਸਨਮਾਨ ਕਰਨਾ ਸੀ ਜਾਂ ਉਨ੍ਹਾਂ ਨੇ ਆਪਣੀਆਂ ਤਕਲੀਫ਼ਾਂ ਦੇ ਗੁੱਸੇ ਵਿੱਚ ਇਹ ਦਿਨ ਮਨਾਉਣਾ ਸ਼ੁਰੂ ਕਰ ਦਿੱਤਾ ਸੀ? ਕੀ ਪੂਰੀ ਦੁਨੀਆ ਵਿੱਚ ਔਰਤਾਂ ਨੂੰ ਭਾਰਤ ਵਾਂਗ ਆਪਣੇ ਹੱਕ ਅਤੇ ਸਨਮਾਨ ਪ੍ਰਾਪਤ ਕਰਨ ਲਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ? ਇਸ ਔਰਤ ਦਾ ਹਜ਼ਾਰਾਂ ਸਾਲਾਂ ਤੋਂ ਸ਼ੋਸ਼ਣ ਹੁੰਦਾ ਆ ਰਿਹਾ ਹੈ, ਕਦੇ ਦਿਖਾਵੇ ਰਾਹੀਂ, ਕਦੇ ਪਰਿਵਾਰ ਦੀ ਇੱਜ਼ਤ ਲਈ

ਅੰਤਰਰਾਸ਼ਟਰੀ ਮਹਿਲਾ ਦਿਵਸ 2024 ਇਸ ਧਰਤੀ 'ਤੇ ਮੌਜੂਦ ਹਰ ਔਰਤ ਦੇ ਸਨਮਾਨ ਨਾਲ ਜੁੜਿਆ ਹੋਇਆ ਹੈ।ਔਰਤਾਂ ਤੋਂ ਬਿਨਾਂ ਕੋਈ ਜੀਵਨ ਨਹੀਂ ਹੈ, ਇਸੇ ਲਈ ਔਰਤਾਂ ਦੀ ਪ੍ਰਸ਼ੰਸਾ ਵਿੱਚ ਜੈ ਸ਼ੰਕਰ ਪ੍ਰਸਾਦ ਜੀ ਨੇ ਔਰਤਾਂ ਦੇ ਸਨਮਾਨ ਵਿੱਚ ਬਹੁਤ ਕੁਝ ਕਿਹਾ ਹੈ। ਇਸੇ ਤਰ੍ਹਾਂ ਹਿੰਦੀ ਦੇ ਮਹਾਨ ਕਵੀ 'ਸੂਰਿਆਕਾਂਤ ਤ੍ਰਿਪਾਠੀ ਨਿਰਾਲਾ' ਨੇ ਵੀ ਆਪਣੀਆਂ ਕਵਿਤਾਵਾਂ ਵਿੱਚ ਔਰਤਾਂ ਦੇ ਸੰਘਰਸ਼ ਨੂੰ ਚਿਤਰਿਆ ਹੈ। ਔਰਤ ਨੇ ਹਰ ਖੇਤਰ 'ਚ ਸਮਾਜ ਨੂੰ ਵਿਕਸਿਤ ਕਰਨ ਲਈ ਮਰਦ ਦੀ ਮਦਦ ਹੀ ਨਹੀਂ ਕੀਤੀ ਬਲਕਿ ਬਹੁਤ ਸਾਰੀਆਂ ਔਰਤਾਂ ਪ੍ਰੇਰਨਾ ਸਰੋਤ ਵੀ ਰਹੀਆਂ ਹਨ। ਵਰਤਮਾਨ ਸਮੇਂ 'ਚ ਔਰਤਾਂ ਸਿਰਫ ਘਰ ਦੀ ਜ਼ਿੰਮੇਵਾਰੀ ਹੀ ਨਹੀਂ ਬਲਕਿ ਆਰਥਕ ਜ਼ਿੰਮੇਵਾਰੀਆਂ ਨੂੰ ਵੀ ਬਾਖੂਬੀ ਨਿਭਾ ਰਹੀਆਂ ਹਨ।

ਅੰਤਰਰਾਸ਼ਟਰੀ ਮਹਿਲਾ ਦਿਵਸ ਦੀ ਸ਼ੁਰੂਆਤ ਇੱਕ ਸਦੀ ਪਹਿਲਾਂ ਇੱਕ ਸਮਾਜਵਾਦੀ ਲਹਿਰ ਰਾਹੀਂ ਹੋਈ ਸੀ।ਜਿਸ ਦਾ ਜਨਮ ਮਜ਼ਦੂਰ ਲਹਿਰ ਵਿੱਚੋਂ ਹੋਇਆ ਸੀ। ਇਸ ਤੋਂ ਬਾਅਦ ਸੰਯੁਕਤ ਰਾਸ਼ਟਰ ਨੇ ਹਰ ਸਾਲ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਉਣ ਦੀ ਮਾਨਤਾ ਦਿੱਤੀ ਸੀ। ਅੰਤਰਰਾਸ਼ਟਰੀ ਮਹਿਲਾ ਦਿਵਸ 1908 ਵਿੱਚ ਸ਼ੁਰੂ ਹੋਇਆ, ਜਦੋਂ ਹਜ਼ਾਰਾਂ ਔਰਤਾਂ ਲੰਬੇ ਘੰਟਿਆਂ ਲਈ ਬਿਹਤਰ ਤਨਖਾਹ ਅਤੇ ਸਨਮਾਨ ਅਤੇ ਸਮਾਨਤਾ ਦੇ ਅਧਿਕਾਰ ਦੀ ਮੰਗ ਕਰਨ ਲਈ ਨਿਊਯਾਰਕ ਸਿਟੀ ਦੀਆਂ ਸੜਕਾਂ 'ਤੇ ਉਤਰੀਆਂ। ਕਲਾਰਾ ਜੇਟਕਿਨ ਨੇ ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਨਾਉਣ ਦਾ ਪ੍ਰਸਤਾਵ ਰੱਖਿਆ, ਉਸਨੇ ਸਾਲ 1910 ਵਿੱਚ ਇਹ ਪ੍ਰਸਤਾਵ ਰੱਖਿਆ ਸੀ।

ਪਹਿਲਾ ਅੰਤਰਰਾਸ਼ਟਰੀ ਮਹਿਲਾ ਦਿਵਸ 1911 ਵਿੱਚ ਆਸਟਰੀਆ, ਡੈਨਮਾਰਕ, ਜਰਮਨੀ ਅਤੇ ਸਵਿਟਜ਼ਰਲੈਂਡ ਵਿੱਚ ਮਨਾਇਆ ਗਿਆ ਸੀ। ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਇਤਿਹਾਸ ਨਾਲ ਜੁੜੀਆਂ ਇਹ ਕੁਝ ਗੱਲਾਂ ਸਨ, ਪਰ ਅੰਤਰਰਾਸ਼ਟਰੀ ਮਹਿਲਾ ਦਿਵਸ ਦੀ ਰਸਮੀ ਮਾਨਤਾ ਸਾਲ 1996 ਵਿੱਚ ਦਿੱਤੀ ਗਈ ਸੀ। ਇਸ ਦੀ ਸ਼ੁਰੂਆਤ ਸੰਯੁਕਤ ਰਾਸ਼ਟਰ ਸੰਘ ਵੱਲੋਂ 'ਅਤੀਤ ਦਾ ਜਸ਼ਨ, ਭਵਿੱਖ ਲਈ ਯੋਜਨਾਬੰਦੀ' ਵਿਸ਼ੇ ਨਾਲ ਕੀਤੀ ਗਈ ਸੀ।ਜੇਕਰ ਅੱਜ ਦੇ ਸਮੇਂ ਵਿੱਚ ਵਿਚਾਰ ਕਰੀਏ ਤਾਂ ਪਤਾ ਲੱਗਦਾ ਹੈ ਕਿ ਅੱਜ ਦੀ ਤਰੀਕ ਵਿੱਚ ਔਰਤਾਂ ਮਰਦਾਂ ਨਾਲੋਂ ਕਿਤੇ ਅੱਗੇ ਨਿਕਲ ਗਈਆਂ ਹਨ।ਜਦੋਂ ਵੀ ਔਰਤਾਂ ਨੂੰ ਮੌਕਾ ਦਿੱਤਾ ਗਿਆ ਤਾਂ ਉਨ੍ਹਾਂ ਨੇ ਪੂਰੀ ਦੁਨੀਆ ਨੂੰ ਦੱਸਿਆ ਕਿ ਉਹ ਨਾ ਸਿਰਫ਼ ਮਰਦਾਂ ਦੇ ਬਰਾਬਰ ਹਨ, ਸਗੋਂ ਕਈ ਮੌਕਿਆਂ 'ਤੇ ਉਹ ਉਨ੍ਹਾਂ ਤੋਂ ਕਈ ਗੁਣਾ ਬਿਹਤਰ ਸਾਬਤ ਹੋਈਆਂ ਹਨ। ਅੱਜ ਔਰਤਾਂ ਵਿਸ਼ਵ ਪੱਧਰ 'ਤੇ ਨਵੇਂ ਰਿਕਾਰਡ ਕਾਇਮ ਕਰ ਰਹੀਆਂ ਹਨ। ਅੱਜ ਦੇ ਸਮੇਂ ਵਿੱਚ ਉਹ ਦਿਨ ਦੂਰ ਹੋ ਗਏ ਜਦੋਂ ਔਰਤਾਂ ਘਰ ਦੀ ਚਾਰ ਦੀਵਾਰੀ ਵਿੱਚ ਕੈਦ ਹੋ ਜਾਂਦੀਆਂ ਸਨ। ਹੁਣ ਔਰਤਾਂ ਹਰ ਖੇਤਰ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰ ਰਹੀਆਂ ਹਨ।ਭਾਰਤ ਵਿੱਚ ਔਰਤਾਂ ਦੇ ਵਿਕਾਸ ਲਈ ਬਹੁਤ ਸਾਰੇ ਯਤਨ ਕੀਤੇ ਜਾ ਰਹੇ ਹਨ, ਪਰ ਇਸਦੀ ਸ਼ੁਰੂਆਤ ਰਾਜਾ ਰਾਮ ਮੋਹਨ ਰਾਏ ਨੇ ਕੀਤੀ ਸੀ। ਉਸਨੂੰ ਭਾਰਤੀ ਪੁਨਰਜਾਗਰਣ ਦਾ ਅਗਾਮੀ ਵੀ ਮੰਨਿਆ ਜਾਂਦਾ ਹੈ। ਉਸਨੇ ਭਾਰਤੀ ਸਮਾਜ ਵਿੱਚੋਂ ਸਤੀ ਪ੍ਰਥਾ ਵਰਗੀਆਂ ਬੁਰਾਈਆਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ। ਵਰਤਮਾਨ ਵਿੱਚ, ਭਾਰਤ ਸਰਕਾਰ ਔਰਤਾਂ ਦੀ ਸਥਿਤੀ ਵਿੱਚ ਸੁਧਾਰ ਲਈ ਯਤਨਸ਼ੀਲ ਹੈ, ਸਾਲ 2001 ਵਿੱਚ, ਭਾਰਤ ਸਰਕਾਰ ਨੇ ਮਹਿਲਾ ਸਸ਼ਕਤੀਕਰਨ ਲਈ ਆਪਣੀ ਰਾਸ਼ਟਰੀ ਨੀਤੀ ਬਣਾਈ ਸੀ। ਕੇਂਦਰ ਸਰਕਾਰ ਵੱਲੋਂ 21 ਮਾਰਚ 2001 ਨੂੰ ਮਹਿਲਾ ਸਸ਼ਕਤੀਕਰਨ ਨੀਤੀ ਦੀ ਪ੍ਰਵਾਨਗੀ ਦਿੱਤੀ ਗਈ ਸੀ।ਮਹਿਲਾ ਸਸ਼ਕਤੀਕਰਨ ਨੀਤੀ ਦੇ ਮੁੱਖ ਨੁਕਤੇ ਇਸ ਪ੍ਰਕਾਰ ਹਨ: ਔਰਤਾਂ ਦੇ ਸਸ਼ਕਤੀਕਰਨ ਲਈ ਦੇਸ਼ ਵਿੱਚ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਖੇਤਰਾਂ ਵਿੱਚ ਔਰਤਾਂ ਨੂੰ ਬਰਾਬਰੀ ਦੇ ਅਧਿਕਾਰ ਪ੍ਰਦਾਨ ਕਰਨ ਲਈ, ਔਰਤਾਂ ਦੇ ਸਸ਼ਕਤੀਕਰਨ ਲਈ ਔਰਤਾਂ ਪ੍ਰਤੀ ਹਰ ਤਰ੍ਹਾਂ ਦੇ ਸ਼ੋਸ਼ਣ ਅਤੇ ਵਿਤਕਰੇ ਨੂੰ ਖਤਮ ਕਰਨ ਲਈ, ਔਰਤਾਂ ਦੇ ਸਸ਼ਕਤੀਕਰਨ ਲਈ ਔਰਤਾਂ ਲਈ ਅਜਿਹਾ ਮਾਹੌਲ ਸਿਰਜਣਾ ਜਿਸ ਵਿੱਚ ਉਹ ਸੁਰੱਖਿਅਤ ਮਹਿਸੂਸ ਕਰ ਸਕਣ।ਮਹਿਲਾ ਸਸ਼ਕਤੀਕਰਨ ਲਈ ਸਮਾਜ ਵਿੱਚ ਔਰਤਾਂ ਪ੍ਰਤੀ ਵਿਵਹਾਰ ਵਿੱਚ ਬਦਲਾਅ ਲਿਆਉਣ ਲਈ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਖੇਤਰਾਂ ਵਿੱਚ ਬਰਾਬਰ ਦੀ ਭਾਗੀਦਾਰੀ ਦੀ ਲੋੜ ਹੈ।ਨਾਰੀ ਸਸ਼ਕਤੀਕਰਨ ਲਈ ਔਰਤਾਂ ਅਤੇ ਲੜਕੀਆਂ ਦੇ ਖਿਲਾਫ ਅਪਰਾਧਾਂ ਨੂੰ ਖਤਮ ਕਰਨਾ।ਮਹਿਲਾ ਸਸ਼ਕਤੀਕਰਨ ਲਈ ਕੰਨਿਆ ਭਰੂਣ ਹੱਤਿਆ ਨੂੰ ਖਤਮ ਕਰਨਾ।ਮਹਿਲਾ ਸਸ਼ਕਤੀਕਰਨ ਲਈ ਦੇਸ਼ ਵਿੱਚ ਔਰਤਾਂ ਅਤੇ ਪੁਰਸ਼ਾਂ ਦੇ ਅਨੁਪਾਤ ਨੂੰ ਬਰਾਬਰ ਲਿਆਉਣਾ।ਮਹਿਲਾ ਸਸ਼ਕਤੀਕਰਨ ਲਈ ਔਰਤਾਂ ਨੂੰ ਸਿੱਖਿਅਤ ਕਰਨਾ ਅਤੇ ਉਨ੍ਹਾਂ ਨੂੰ ਰਾਖਵਾਂਕਰਨ ਪ੍ਰਦਾਨ ਕਰਨਾ। ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਉਣ ਦਾ ਉਦੇਸ਼ ਸੀ ਕਿ ਔਰਤਾਂ ਨੂੰ ਉਨ੍ਹਾਂ ਦੀ ਸਮਰੱਥਾ ਦਿੱਤੀ ਜਾਵੇ ਅਤੇ ਔਰਤਾਂ ਨੂੰ ਸਸ਼ਕਤ ਬਣਾਇਆ ਜਾਵੇ। ਇਸ ਨੂੰ ਮਾਨਸਿਕਤਾ ਕਹੋ ਜਾਂ ਜੜਤਾ, ਕਿਤੇ ਨਾ ਕਿਤੇ ਮਰਦ ਔਰਤਾਂ ਨੂੰ ਆਪਣੇ ਨਾਲੋਂ ਨੀਵਾਂ ਸਮਝਦੇ ਰਹੇ ਹਨ।ਇਸ ਮਾਨਸਿਕਤਾ ਨੂੰ ਬਦਲਣਾ ਬਹੁਤ ਜ਼ਰੂਰੀ ਸੀ ਅਤੇ ਇਹ ਔਰਤਾਂ ਨੂੰ ਬਿਹਤਰ ਮੌਕੇ ਪ੍ਰਦਾਨ ਕਰਕੇ ਹੀ ਕੀਤਾ ਜਾ ਸਕਦਾ ਹੈ। ਜਦੋਂ ਔਰਤਾਂ ਨੂੰ ਮੌਕੇ ਦਿੱਤੇ ਗਏ ਅਤੇ ਔਰਤਾਂ ਦਾ ਸਸ਼ਕਤੀਕਰਨ ਹੋਇਆ ਤਾਂ ਔਰਤਾਂ ਨੇ ਆਪਣੇ ਆਪ ਨੂੰ ਬਿਹਤਰ ਸਾਬਤ ਕੀਤਾ। ਇਹ ਔਰਤਾਂ ਦੀ ਕਾਬਲੀਅਤ ਅਤੇ ਕਾਬਲੀਅਤ ਦਾ ਹੀ ਨਤੀਜਾ ਹੈ ਕਿ ਅੱਜ ਔਰਤਾਂ ਬਿਹਤਰ ਸਥਿਤੀ ਵਿੱਚ ਹਨ। ਪਰ ਅਜੇ ਵੀ ਔਰਤਾਂ ਲਈ ਬਹੁਤ ਸਾਰਾ ਕੰਮ ਕਰਨਾ ਬਾਕੀ ਹੈ, ਬਹੁਤ ਸਾਰੀਆਂ ਤਬਦੀਲੀਆਂ ਦੇ ਬਾਵਜੂਦ ਔਰਤਾਂ ਨੂੰ ਅਜੇ ਵੀ ਸੰਘਰਸ਼ ਕਰਨਾ ਪੈ ਰਿਹਾ ਹੈ। ਉਨ੍ਹਾਂ ਨੂੰ ਅਜੇ ਵੀ ਸਿੱਖਿਆ, ਸਨਮਾਨ ਅਤੇ ਬਰਾਬਰੀ ਲਈ ਬਹੁਤ ਸੰਘਰਸ਼ ਕਰਨਾ ਪੈਂਦਾ ਹੈ।ਅੱਜ ਦੁਨੀਆਂ ਵਿੱਚ ਹਰ ਪਾਸੇ ਲਿੰਗਕ ਸਮਾਨਤਾ ਦੀ ਚਰਚਾ ਹੈ ਪਰ ਅੱਜ ਵੀ ਦੁਨੀਆਂ ਭਰ ਵਿੱਚ ਆਰਥਿਕ ਸੁਧਾਰਾਂ ਤੋਂ ਬਾਅਦ ਵੀ 50 ਫੀਸਦੀ ਦੇ ਕਰੀਬ ਔਰਤਾਂ ਆਰਥਿਕ ਤੌਰ 'ਤੇ ਕਮਜ਼ੋਰ ਹਨ।

ਹਾਲਾਂਕਿ ਦੁਨੀਆ 'ਚ ਕਈ ਦੇਸ਼ ਅਜਿਹੇ ਹਨ, ਜਿਨ੍ਹਾਂ 'ਚ ਔਰਤਾਂ ਦੀ ਸਾਖਰਤਾ ਦਰ 100 ਫੀਸਦੀ ਦੇ ਕਰੀਬ ਹੈ। ਉੱਤਰੀ ਕੋਰੀਆ ਇਸ ਦੀ ਸਭ ਤੋਂ ਵੱਡੀ ਮਿਸਾਲ ਹੈ। ਇਸ ਤੋਂ ਇਲਾਵਾ ਪੋਲੈਂਡ, ਰੂਸ ਅਤੇ ਯੂਕਰੇਨ ਵਿੱਚ ਸਾਖਰਤਾ ਦਰ 99.7 ਫੀਸਦੀ ਹੈ। ਸਾਡੇ ਗੁਆਂਢੀ ਦੇਸ਼ ਚੀਨ ਵਿੱਚ ਇਹ ਦਰ 95.2 ਫੀਸਦੀ ਹੈ।ਜਦੋਂ ਕਿ ਭਾਰਤ ਵਿੱਚ ਸਥਿਤੀ ਅਜੇ ਵੀ ਮਾੜੀ ਹੈ ਅਤੇ ਔਰਤਾਂ ਦੀ ਸਾਖਰਤਾ ਦਰ ਲਗਭਗ 66 ਪ੍ਰਤੀਸ਼ਤ ਹੈ। ਸਾਡੇ ਦੂਜੇ ਗੁਆਂਢੀ ਮੁਲਕਾਂ ਜਿਵੇਂ ਪਾਕਿਸਤਾਨ, ਅਫਗਾਨਿਸਤਾਨ ਵਿੱਚ ਔਰਤਾਂ ਦੀ ਹਾਲਤ ਹੋਰ ਵੀ ਮਾੜੀ ਹੈ। ਇਸੇ ਤਰ੍ਹਾਂ ਜੇਕਰ ਅਸੀਂ ਮਹਿਲਾ ਕਿਰਤ ਸ਼ਕਤੀ ਭਾਗੀਦਾਰੀ ਦਰ ਦੀ ਗੱਲ ਕਰੀਏ ਤਾਂ ਸਾਡੇ ਗੁਆਂਢੀ ਦੇਸ਼ ਨੇਪਾਲ ਵਿੱਚ ਇਹ 81.4 ਫੀਸਦੀ, ਵੀਅਤਨਾਮ ਵਿੱਚ 72.73 ਫੀਸਦੀ, ਸਿੰਗਾਪੁਰ ਵਿੱਚ 61.97, ਯੂ.ਕੇ. ਵਿੱਚ 58.09, ਅਮਰੀਕਾ ਵਿੱਚ 56.76 ਫੀਸਦੀ ਹੈ, ਜਦੋਂ ਕਿ ਭਾਰਤ ਇੱਕ ਪੇਂਡੂ ਪ੍ਰਧਾਨ ਦੇਸ਼ ਹੈ, ਫਿਰ ਵੀ ਇਹ ਦਰ ਸਿਰਫ 20.7 ਪ੍ਰਤੀਸ਼ਤ ਹੈ।

ਮਹਿਲਾ ਸਸ਼ਕਤੀਕਰਨ ਅਤੇ ਮਹਿਲਾ ਸਾਖਰਤਾ ਲਈ ਇੰਨੇ ਉਪਰਾਲੇ ਕਰਨ ਦੇ ਬਾਵਜੂਦ ਵੀ ਸਥਿਤੀ ਆਮ ਵਾਂਗ ਨਹੀਂ ਹੈ। ਔਰਤਾਂ ਵਿਰੁੱਧ ਅਪਰਾਧ ਦੀਆਂ ਘਟਨਾਵਾਂ ਵਿੱਚ ਵੀ ਵਾਧਾ ਹੋਇਆ ਹੈ। ਇਨ੍ਹਾਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਸਾਨੂੰ ਆਪਣੀ ਸੋਚ ਬਦਲਣੀ ਪਵੇਗੀ ਅਤੇ ਇਸ ਦੀ ਜ਼ਿੰਮੇਵਾਰੀ ਅੱਜ ਦੀ ਨੌਜਵਾਨ ਪੀੜ੍ਹੀ 'ਤੇ ਹੀ ਹੈ। ਸਾਨੂੰ ਮਰਦਾਨਗੀ ਅਤੇ ਮਰਦ ਪ੍ਰਧਾਨਤਾ ਦੇ ਵਿਚਾਰ ਨੂੰ ਇੱਕ ਪਾਸੇ ਛੱਡ ਕੇ ਔਰਤਾਂ ਪ੍ਰਤੀ ਸਮਾਨਤਾ ਦੀ ਭਾਵਨਾ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਪਿਛਲੇ ਸਾਲਾਂ ਦੌਰਾਨ ਅੰਤਰਰਾਸ਼ਟਰੀ ਮਹਿਲਾ ਦਿਵਸ ਦਾ ਥੀਮ 'ਬ੍ਰੇਕ ਦਿ ਬਾਈਸ' ਸੀ ਜਿਸਦਾ ਮਤਲਬ ਹੈ ਵਿਤਕਰੇ ਨੂੰ ਖ਼ਤਮ ਕਰਨਾ। ਪਰ ਅੱਜ ਵੀ ਸਾਡਾ ਸਮਾਜ ਔਰਤਾਂ ਬਾਰੇ ਪੱਖਪਾਤਾਂ ਨਾਲ ਭਰਿਆ ਪਿਆ ਹੈ, ਅਜਿਹੀ ਸਥਿਤੀ ਵਿੱਚ ਸਾਨੂੰ ਔਰਤਾਂ ਦੀ ਹਾਲਤ ਸੁਧਾਰਨ ਲਈ ਆਪਣੇ ਪੁਰਾਣੇ ਪੂਰਵ-ਅਨੁਮਾਨਾਂ ਨੂੰ ਤੋੜਨਾ ਪਵੇਗਾ। ਇਸ ਤੋਂ ਬਿਨਾਂ ਅਸੀਂ ਬਰਾਬਰੀ ਵਾਲੇ, ਸਮਾਵੇਸ਼ੀ ਅਤੇ ਨਿਆਂਪੂਰਨ ਭਾਰਤ ਦਾ ਨਿਰਮਾਣ ਨਹੀਂ ਕਰ ਸਕਦੇ। ਹੌਲੀ-ਹੌਲੀ ਤਬਦੀਲੀ ਆਪਣਾ ਰਾਹ ਲੱਭ ਰਹੀ ਹੈ ਅਤੇ ਇਨ੍ਹਾਂ ਤਬਦੀਲੀਆਂ ਰਾਹੀਂ ਹੋਰ ਸੁਧਾਰ ਵੀ ਆਉਣਗੇ। "ਡਿਜੀਟਲ: ਲਿੰਗ ਸਮਾਨਤਾ ਲਈ ਨਵੀਨਤਾ ਅਤੇ ਤਕਨਾਲੋਜੀ" ਥੀਮ ਦੇ ਨਾਲ ਇਹਨਾਂ ਤਬਦੀਲੀਆਂ 'ਤੇ ਧਿਆਨ ਕੇਂਦਰਤ ਕਰਦੇ ਹੋਏ, ਅੰਤਰਰਾਸ਼ਟਰੀ ਮਹਿਲਾ ਦਿਵਸ 2023 ਮਨਾਇਆ ਗਿਆ। ਇਸ ਥੀਮ ਦੇ ਪਿੱਛੇ ਦਾ ਵਿਚਾਰ ਲਿੰਗ ਸਮਾਨਤਾ ਅਤੇ ਸਾਰੀਆਂ ਔਰਤਾਂ ਅਤੇ ਲੜਕੀਆਂ ਦੇ ਸਸ਼ਕਤੀਕਰਨ ਨੂੰ ਪ੍ਰਾਪਤ ਕਰਨ ਲਈ ਡਿਜੀਟਲ ਯੁੱਗ ਵਿੱਚ ਨਵੀਨਤਾ, ਤਕਨੀਕੀ ਤਬਦੀਲੀ ਅਤੇ ਸਿੱਖਿਆ ਨੂੰ ਉਤਸ਼ਾਹਿਤ ਕਰਨਾ ਸੀ। ਇਹ ਅੰਤਰਰਾਸ਼ਟਰੀ ਮਹਿਲਾ ਦਿਵਸ 8 ਮਾਰਚ 2024, ਔਰਤਾਂ ਵਿੱਚ ਨਿਵੇਸ਼ ਕਰੋ: ਪ੍ਰਗਤੀ ਨੂੰ ਤੇਜ਼ ਕਰੋ "ਇਨਵੈਸਟ ਇਨ ਵੋਮੈਨ ਅਕਸੇਲਰੇਟ ਪ੍ਰੋਗਰੇਸ" ਦੇ ਥੀਮ ਦੇ ਤਹਿਤ ਮਨਾਉਣ ਲਈ ਇਕੱਠੇ ਹੋਣਾ ਚਾਹੀਦਾ ਹੈ । ਸੰਸਾਰ ਬਹੁਤ ਸਾਰੇ ਸੰਕਟਾਂ ਦਾ ਸਾਹਮਣਾ ਕਰ ਰਿਹਾ ਹੈ । ਭੂ-ਰਾਜਨੀਤਿਕ ਟਕਰਾਅ ਤੋਂ ਲੈ ਕੇ ਗਰੀਬੀ ਦੇ ਵਧਦੇ ਪੱਧਰ ਅਤੇ ਜਲਵਾਯੂ ਤਬਦੀਲੀ ਦੇ ਵਧਦੇ ਪ੍ਰਭਾਵਾਂ ਤੱਕ।ਔਰਤਾਂ ਬਾਰੇ ਵਿਕਾਸ ਦਾ ਮਤਲਬ ਹੈ ਉਨ੍ਹਾਂ ਬਾਰੇ ਸਮਾਜ ਵਿੱਚ ਮੌਜੂਦ ਭੇਦ-ਭਾਵ, ਸੋਚ ਅਤੇ ਵਿਚਾਰਾਂ ਨੂੰ ਬਦਲਣਾ। ਔਰਤਾਂ ਨੂੰ ਬਰਾਬਰੀ ਦੇ ਰੂਪ ਵਿੱਚ ਦੇਖਣਾ, ਉਹਨਾਂ ਨੂੰ ਉਹਨਾਂ ਦੇ ਵਿਕਾਸ ਲਈ ਭਰਪੂਰ ਮੌਕੇ ਪ੍ਰਦਾਨ ਕਰਨਾ ਅਤੇ ਉਹਨਾਂ ਦੀ ਸਿੱਖਿਆ ਲਈ ਕੰਮ ਕਰਨਾ, ਇੱਕ ਸੁਰੱਖਿਅਤ ਮਾਹੌਲ ਪ੍ਰਦਾਨ ਕਰਨਾ ਅਤੇ ਉਹਨਾਂ ਦਾ ਸਨਮਾਨ ਕਰਨਾ।ਅੰਤਰਰਾਸ਼ਟਰੀ ਮਹਿਲਾ ਦਿਵਸ-2024 ਦਾ ਵਿਸ਼ਾ ਔਰਤਾਂ ਪ੍ਰਤੀ ਸਮਾਨਤਾ ਦੀ ਭਾਵਨਾ ਨੂੰ ਦਰਸਾਉਂਦਾ ਹੈ ਅਤੇ ਟਿਕਾਊ ਵਿਕਾਸ ਦਾ ਮਾਰਗ ਵੀ ਦਰਸਾਉਂਦਾ ਹੈ। ਇਨ੍ਹਾਂ ਚੁਣੌਤੀਆਂ ਦਾ ਹੱਲ ਅਤੇ ਸਾਹਮਣਾ ਕੇਵਲ ਤਾਂ ਹੀ ਕੀਤਾ ਜਾ ਸਕਦਾ ਹੈ ਜੇ ਔਰਤਾਂ ਨੂੰ ਸਸ਼ਕਤ ਕਰਦੇ ਹੋਏ ਅੱਗੇ ਵਧੀਏ । ਇਹ ਥੀਮ ਸਾਡੇ ਸਭਨਾਂ ਲਈ ਇੱਕ ਸਿਹਤਮੰਦ, ਸੁਰੱਖਿਅਤ ਅਤੇ ਔਰਤ ਮਰਦ ਦੀ ਬਰਾਬਰੀ ਵਾਲ਼ੇ ਸੰਸਾਰ ਵੱਲ ਤਬਦੀਲੀ ਨੂੰ ਲਿਆਉਣ ਵਿੱਚ ਮੱਦਦ ਕਰ ਸਕਦਾ ਹੈ।